ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172-2864125,2864110

ਸ਼੍ਰੀ ਗੁਰਦੀਪ ਸਿੰਘ ਢੀਂਗੀ, (98153-44346)
ਪੁੱਤਰ ਸ਼੍ਰੀ ਹਰਨਾਮ ਸਿੰਘ,
ਵਾਸੀ ਬਲਾਕ ਨੰ:1, ਮਕਾਨ ਨੰ:390,
ਧਰਮਪੁਰਾ ਮੁਹੱਲਾ, ਧੂਰੀ,
ਜ਼ਿਲ੍ਹਾ. ਸੰਗਰੂਰ। ----- ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪ੍ਰਿੰਸੀਪਲ,
ਬੀਬੀ ਸ਼ਰਨ ਕੌਰ ਖਾਲਸਾ ਮੈਮੋਰੀਅਲ ਕਾਲਿਜ,
ਸ੍ਰੀ ਚਮਕੌਰ ਸਾਹਿਬ,
ਜ਼ਿਲ੍ਹਾ ਰੋਪੜ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਡਾਇਰੈਕਟਰ, ਸਿੱਖਿਆ (ਕਾਲਿਜਾਂ)।
ਪੰਜਾਬ, ਸਿੱਖਿਆ ਭਾਵਨ,
ਮੁਹਾਲੀ। -----ਉੱਤਰਦਾਤਾ

**ਅਪੀਲ ਕੇਸ ਨੰ:3181 ਆਫ਼ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਡਾਕਟਰ ਸੁਮੀਤ ਕੌਰ, ਸਹਾਇਕ ਪ੍ਰੋਫੈਸਰ, (98884-00981)

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 26-03-2018, ਲੋਕ ਸੂਚਨਾ ਅਧਿਕਾਰੀ ਦਫਤਰ ਪ੍ਰਿੰਸੀਪਲ, ਬੀਬੀ ਸ਼ਰਨ ਕੌਰ ਖਾਲਸਾ ਮੈਮੋਰੀਅਲ ਕਾਲਿਜ, ਸ੍ਰੀ ਚਮਕੌਰ ਸਾਹਿਬ, ਜ਼ਿਲ੍ਹਾ ਰੋਪੜ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਕਾਲਿਜ ਵਿੱਚ ਪੜ੍ਹਦੇ ਵਿਦਿਆਰਥੀਆਂ ਅਤੇ ਪ੍ਰਾਪਤ ਕੀਤੇ ਗਏ ਵਜ਼ੀਫਿਆਂ ਨਾਲ ਸਬੰਧਤ 04 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 25-06-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 18-09-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 25-10-2018 ਨੂੰ ਅੱਜ ਪਹਿਲੀ ਸੁਣਵਾਈ ਮਿਤੀ 20-11-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅੱਜ ਪੇਸ਼ੀ ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਡਾਕਟਰ ਸੁਮੀਤ ਕੌਰ, ਸਹਾਇਕ ਪ੍ਰੋਫੈਸਰ ਨੇ ਦੱਸਿਆ ਗਿਆ ਕਿ ਉਨ੍ਹਾਂ ਵੱਲੋਂ ਆਪਣੇ ਪੱਤਰ ਨੰ:KCCS/2018-19/609, ਮਿਤੀ 02-11-2018 ਰਾਹੀਂ ਅਪੀਲਕਰਤਾ ਨੂੰ ਸੂਚਨਾ ਭੇਜੀ ਜਾ ਚੁੱਕੀ ਹੈ। ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਆਪਣੀ ਗੈਰਹਾਜ਼ਰੀ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਭੇਜੀ ਗਈ ਹੈ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨਾਂ ਬਾਰੇ ਸਿੱਧੇ ਤੌਰ ਤੇ ਲਿਖਤੀ ਰੂਪ ਵਿੱਚ ਲੋਕ ਸੂਚਨਾ ਅਧਿਕਾਰੀ ਨੂੰ ਸੂਚਿਤ ਕੀਤਾ ਤਾਂ ਜੋ ਉਨ੍ਹਾਂ ਦੀ ਪੂਰਤੀ ਕੀਤੀ ਜਾ ਸਕੇ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 14-01-2019 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਜਾਂਦਾ ਹੈ।**

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 20 ਨਵੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172-2864125,2864110

ਸ਼੍ਰੀ ਗੁਰਦੀਪ ਸਿੰਘ ਢੀਂਗੀ, (98153-44346)
ਪੁੱਤਰ ਸ਼੍ਰੀ ਹਰਨਾਮ ਸਿੰਘ,
ਵਾਸੀ ਬਲਾਕ ਨੰ:1, ਮਕਾਨ ਨੰ:390,
ਧਰਮਪੁਰਾ ਮੁਹੱਲਾ, ਧੂਰੀ,
ਜ਼ਿਲ੍ਹਾ. ਸੰਗਰੂਰ। ----- ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪ੍ਰਿੰਸੀਪਲ,
ਏ.ਐਸ. ਕਾਲਿਜ ਖੰਨਾ,
ਜ਼ਿਲ੍ਹਾ ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਡਾਇਰੈਕਟਰ, ਸਿੱਖਿਆ (ਕਾਲਿਜਾਂ)।
ਪੰਜਾਬ, ਸਿੱਖਿਆ ਭਾਵਨ,
ਮੁਹਾਲੀ। -----ਉੱਤਰਦਾਤਾ

**ਅਪੀਲ ਕੇਸ ਨੰ:3183 ਆਫ਼ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਨਹੀਂ।
2) ਉੱਤਰਦਾਤਾ ਵੱਲੋਂ ਕੋਈ ਨਹੀਂ

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 26-03-2018, ਲੋਕ ਸੂਚਨਾ ਅਧਿਕਾਰੀ ਦਫਤਰ ਪ੍ਰਿੰਸੀਪਲ, ਏ.ਐਸ. ਕਾਲਿਜ ਖੰਨਾ, ਜ਼ਿਲ੍ਹਾ ਲੁਧਿਆਣਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਕਾਲਿਜ ਵਿੱਚ ਪੜ੍ਹਦੇ ਵਿਦਿਆਰਥੀਆਂ ਅਤੇ ਪ੍ਰਾਪਤ ਕੀਤੇ ਗਏ ਵਜ਼ੀਫਿਆਂ ਨਾਲ ਸਬੰਧਤ 04 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 25-06-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 18-09-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 25-10-2018 ਨੂੰ ਅੱਜ ਪਹਿਲੀ ਸੁਣਵਾਈ ਮਿਤੀ 20-11-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅੱਜ ਪੇਸ਼ੀ ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਵੀ ਹਾਜ਼ਰ ਨਹੀਂ ਹੋਇਆ ਪਰੰਤੂ ਉਨ੍ਹਾਂ ਵੱਲੋਂ ਆਪਣੇ ਨੁਮਾਇੰਦੇ ਸ਼੍ਰੀ ਰਾਕੇਸ਼ ਕੇ. ਸ਼ਾਹੀ, ਐਡਵੋਕੇਟ ਰਾਹੀਂ ਈ.ਮੇਲ ਦੁਆਰਾ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਆਪਣਾ ਜਵਾਬ ਵੀ ਭੇਜਿਆ ਗਿਆ ਹੈ ਅਤੇ ਬੇਨਤੀ ਕੀਤੀ ਗਈ ਹੈ ਕਿ ਇਸ ਜਵਾਬ ਵਿੱਚ ਪੇਸ਼ ਕੀਤੇ ਗਏ ਤੱਥਾਂ ਦੇ ਅਧਾਰ ਤੇ ਕੇਸ ਦਾ ਫੈਸਲਾ ਕਰ ਦਿੱਤਾ ਜਾਵੇ। ਉਨ੍ਹਾਂ ਵੱਲੋਂ ਇਹ ਦੱਸਿਆ ਗਿਆ ਹੈ ਕਿ ਇਸ ਜਵਾਬ ਦੀ ਇੱਕ ਕਾਪੀ ਅਪੀਲਕਰਤਾ ਨੂੰ ਵੀ ਭੇਜੀ ਜਾ ਚੁੱਕੀ ਹੈ। ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਆਪਣੀ ਗੈਰਹਾਜ਼ਰੀ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਭੇਜੀ ਗਈ ਹੈ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨਾਂ ਬਾਰੇ ਸਿੱਧੇ ਤੌਰ ਤੇ ਲਿਖਤੀ ਰੂਪ ਵਿੱਚ ਲੋਕ ਸੂਚਨਾ ਅਧਿਕਾਰੀ ਨੂੰ ਸੂਚਿਤ ਕੀਤਾ ਤਾਂ ਜੋ ਉਨ੍ਹਾਂ ਦੀ ਪੂਰਤੀ ਕੀਤੀ ਜਾ ਸਕੇ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 14-01-2019 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਜਾਂਦਾ ਹੈ।**

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 20 ਨਵੰਬਰ, 2018.**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172-2864125,2864110

ਸ਼੍ਰੀਮਤੀ ਗਗਨਦੀਪ ਕੌਰ, (99156-77876)
ਪਤਨੀ ਸ਼੍ਰੀ ਦਵਿੰਦਰ ਸਿੰਘ,
ਵਾਸੀ ਪਿੰਡ ਗਾਮੀਵਾਲਾ,
ਤਹਿਸੀਲ ਬੁਢਲਾਡਾ,
ਜ਼ਿਲ੍ਹਾ ਮਾਨਸਾ। ----- ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਡਿਪਟੀ ਕਮਿਸ਼ਨਰ,
ਮਾਨਸਾ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਡਿਪਟੀ ਕਮਿਸ਼ਨਰ,
ਮਾਨਸਾ। -----ਉੱਤਰਦਾਤਾ

**ਅਪੀਲ ਕੇਸ ਨੰ:3186 ਆਫ਼ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਉਸ ਦੇ ਪਤੀ ਸ਼੍ਰੀ ਦਵਿੰਦਰ ਸਿੰਘ (94172-36572)।
2) ਉੱਤਰਦਾਤਾ ਵੱਲੋਂ ਕੋਈ ਨਹੀਂ।

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 22-05-2018, ਲੋਕ ਸੂਚਨਾ ਅਧਿਕਾਰੀ ਦਫਤਰ ਡਿਪਟੀ ਕਮਿਸ਼ਨਰ, ਮਾਨਸਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਆਦਰਸ਼ ਸਕੂਲ ਬੋਹਾ (ਮਾਨਸਾ) ਨਾਲ ਸਬੰਧਤ 04 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 03-07-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 18-09-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 25-10-2018 ਨੂੰ ਅੱਜ ਪਹਿਲੀ ਸੁਣਵਾਈ ਮਿਤੀ 20-11-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅੱਜ ਪੇਸ਼ੀ ਤੇ ਅਪੀਲਕਰਤਾ ਵੱਲੋਂ ਹਾਜ਼ਰ ਉਸ ਦੇ ਪਤੀ ਸ਼੍ਰੀ ਦਵਿੰਦਰ ਸਿੰਘ ਨੇ ਦੱਸਿਆ ਹੈ ਕਿ ਉਸ ਨੂੰ ਅਜੇ ਤੱਕ ਕੋਈ ਵੀ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ ਵੱਲੋਂ ਅੱਜ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਆਪਣੀ ਗੈਰਹਾਜ਼ਰੀ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਭੇਜੀ ਗਈ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਦੇ ਬਿਨੈ-ਪੱਤਰ ਅਨੁਸਾਰ, ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਤਹਿਤ ਬਣਦੀ ਸੂਚਨਾ ਅਪੀਲਕਰਤਾ ਨੂੰ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾਈ ਜਾਵੇ ਅਤੇ ਪੇਸ਼ੀ ਦੀ ਮਿਤੀ ਤੇ ਹਾਜ਼ਰ ਹੋਣਾ ਵੀ ਯਕੀਨੀ ਬਣਾਇਆ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 07-01-2019 ਨੂੰ 11.30 ਵਜੇ ਲਈ ਨਿਸਚਿਤ ਕੀਤਾ ਜਾਂਦਾ ਹੈ।**

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 20 ਨਵੰਬਰ, 2018.**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172-2864125,2864110

ਸ਼੍ਰੀ ਜਰਨੈਲ ਸਿੰਘ, (98143-64718)
#19, ਸੰਤ ਨਗਰ,
ਗਲੀ ਨੰ:3, ਇੱਛੇ ਵਾਲਾ ਰੋਡ,
ਨਜ਼ਦੀਕ ਚਰਚ,
ਫਿਰੋਜ਼ਪੁਰ। .......ਸ਼ਿਕਾਇਤਕਰਤਾ

ਲੋਕ ਸੂਚਨਾ ਅਧਿਕਾਰੀ,
ਦਫਤਰ ਕਮਿਸ਼ਨਰ,
ਫਿਰੋਜ਼ਪੁਰ ਡਿਵੀਜ਼ਨ,
ਫਿਰੋਜ਼ਪੁਰ। ........ ਉੱਤਰਦਾਤਾ

**ਸ਼ਿਕਾਇਤ ਕੇਸ ਨੰ:972 ਆਫ਼ 2018**

**ਹਾਜ਼ਰ:-**

1) ਸ਼੍ਰੀ ਜਰਨੈਲ ਸਿੰਘ, ਸ਼ਿਕਾਇਤਕਰਤਾ।
2) ਉੱਤਰਦਾਤਾ ਵੱਲੋਂ ਸ਼੍ਰੀ ਦੀਪਕ ਲੂੰਬਾ, ਸੀਨੀਅਰ ਸਹਾਇਕ (94171-16200)।

**ਹਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 09-06-2018, ਲੋਕ ਸੂਚਨਾ ਅਧਿਕਾਰੀ ਦਫਤਰ ਕਮਿਸ਼ਨਰ, ਫਿਰੋਜ਼ਪੁਰ ਡਿਵੀਜ਼ਨ, ਫਿਰੋਜ਼ਪੁਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਸ਼੍ਰੀ ਪਰਮਿੰਦਰ ਸਿੰਘ ਅਤੇ ਹੋਰਨਾਂ ਕਰਮਚਾਰੀਆਂ ਦੀਆਂ ਬਤੌਰ ਸੀਨੀਅਰ ਸਹਾਇਕ ਤਰੱਕੀਆਂ ਨਾਲ ਸਬੰਧਤ 11 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 12-09-2018 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 25-10-2018 ਨੂੰ ਪਹਿਲੀ ਸੁਣਵਾਈ ਮਿਤੀ 20-11-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਸ਼ਿਕਾਇਤਕਰਤਾ ਨੇ ਆਪਣਾ ਜਵਾਬ, ਮਿਤੀ 20-11-2018 ਪੇਸ਼ ਕਰਦੇ ਹੋਏ ਦੱਸਿਆ ਹੈ ਕਿ ਉਸ ਨੂੰ ਅਜੇ ਤੱਕ ਕੋਈ ਵੀ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਵੱਲੋਂ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਗਈ ਹੈ।ਸ਼ਿਕਾਇਤਕਰਤਾ ਵੱਲੋਂ ਪੇਸ਼ ਕੀਤਾ ਗਿਆ ਜਵਾਬ ਮਿਸਲ ਤੇ ਰੱਖ ਲਿਆ ਗਿਆ ਹੈ। ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਦੀਪਕ ਲੂੰਬਾ, ਸੀਨੀਅਰ ਸਹਾਇਕ ਨੇ ਪੱਤਰ ਨੰ:ਅ:ਸ:-3-2018/4652, ਮਿਤੀ 16-11-2018 ਪੇਸ਼ ਕਰਦੇ ਹੋਏ ਦੱਸਿਆ ਗਿਆ ਹੈ ਕਿ ਉਨ੍ਹਾਂ ਵੱਲੋਂ ਇਸ ਕੇਸ ਵਿੱਚ ਸ਼ਿਕਾਇਤਕਰਤਾ ਨੂੰ ਸੂਚਨਾ ਦੇਣ ਜਾਂ ਨਾ ਦੇਣ ਬਾਰੇ ਰਾਜ ਸੂਚਨਾ ਕਮਿਸ਼ਨਰ ਤੋਂ ਅਗਵਾਈ ਮੰਗੀ ਜਾ ਰਹੀ ਸੀ। ਸ਼ਿਕਾਇਤਕਰਤਾ ਦੀ ਆਰ.ਟੀ.ਆਈ. ਮਿਤੀ 07-06-2018 ਉਨ੍ਹਾਂ ਨੂੰ ਮਿਤੀ 11-06-2018 ਪ੍ਰਾਪਤ ਹੋਈ ਸੀ ਜਿਸ ਬਾਰੇ ਉਨ੍ਹਾਂ ਵੱਲੋਂ ਆਪਣੇ ਪੱਤਰ ਨੰ: ਅ:ਸ:-3-2018/2787, ਮਿਤੀ 09-07-2018 ਰਾਹੀਂ ਸੂਚਿਤ ਕੀਤਾ ਗਿਆ ਸੀ ਕਿ ਨੂੰ ਸੂਚਨਾ ਦੇਣ ਜਾਂ ਨਾ ਦੇਣ ਬਾਰੇ ਰਾਜ ਸੂਚਨਾ ਕਮਿਸ਼ਨਰ ਤੋਂ ਅਗਵਾਈ ਮੰਗੀ ਜਾ ਰਹੀ ਹੈ ਅਤੇ ਅਗਵਾਈ ਪ੍ਰਾਪਤ ਹੋਣ ਉਪਰੰਤ ਉਸ ਨੂੰ ਸੂਚਨਾ ਉਪਲਬਧ ਕਰਾਉਣ ਸਬੰਧੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ ਪਰੰਤੂ ਉੱਤਰਦਾਤਾ ਪਹਿਲੀ ਅਪੀਲੀ ਅਥਾਰਟੀ ਕੋਲ ਵੀ ਨਹੀਂ ਗਿਆ ਅਤੇ ਉਸ ਵੱਲੋਂ ਕਮਿਸ਼ਨ ਵਿਖੇ ਸ਼ਿਕਾਇਤ ਦਾਇਰ ਕਰ ਦਿੱਤੀ ਗਈ ਹੈ।

3. ਉੱਤਰਦਾਤਾ ਵੱਲੋਂ ਸਮੇਂ ਸਿਰ ਸ਼ਿਕਾਇਤਕਰਤਾ ਦੀ ਆਰ.ਟੀ.ਆਈ. ਦਾ ਜਵਾਬ ਭੇਜਿਆ ਗਿਆ ਹੈ। ਇਸ ਕਰਕੇ ਇਹ ਸ਼ਿਕਾਇਤ ਕੇਸ ਨਹੀਂ ਬਣਦਾ। ਕਮਿਸ਼ਨ ਨੂੰ ਪਹੁੰਚ ਕਰਨ ਤੋਂ ਪਹਿਲਾਂ ਸ਼ਿਕਾਇਤਕਰਤਾ ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਪਹੁੰਚ ਕਰਨੀ ਚਾਹੀਦੀ ਸੀ। ਇਸ ਲਈ ਸ਼ਿਕਾਇਤਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਸ਼ਿਕਾਇਤ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ। ਸ਼ਿਕਾਇਤਕਰਾ ਨੂੰ ਇਹ ਖੁਲ੍ਹ ਹੋਵੇਗੀ ਕਿ ਜੇਕਰ ਉਹ ਲੋੜ ਸਮਝੇ ਤਾਂ ਉਹ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕਰ ਸਕਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 20 ਨਵੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈਂਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172-2864125,2864110

ਸ਼੍ਰੀ ਜਰਨੈਲ ਸਿੰਘ, (98143-64718)
#19, ਸੰਤ ਨਗਰ,
ਗਲੀ ਨੰ:3, ਇੱਛੇ ਵਾਲਾ ਰੋਡ,
ਨਜ਼ਦੀਕ ਚਰਚ,
ਫਿਰੋਜ਼ਪੁਰ। .......ਸ਼ਿਕਾਇਤਕਰਤਾ

ਲੋਕ ਸੂਚਨਾ ਅਧਿਕਾਰੀ,
ਦਫਤਰ ਕਮਿਸ਼ਨਰ,
ਫਿਰੋਜ਼ਪੁਰ ਡਿਵੀਜ਼ਨ,
ਫਿਰੋਜ਼ਪੁਰ। ........ ਉੱਤਰਦਾਤਾ

**ਸ਼ਿਕਾਇਤ ਕੇਸ ਨੰ:978 ਆਫ਼ 2018**

**ਹਾਜ਼ਰ:-**

1) ਸ਼੍ਰੀ ਜਰਨੈਲ ਸਿੰਘ, ਸ਼ਿਕਾਇਤਕਰਤਾ।
2) ਉੱਤਰਦਾਤਾ ਵੱਲੋਂ ਸ਼੍ਰੀ ਦੀਪਕ ਲੂੰਬਾ, ਸੀਨੀਅਰ ਸਹਾਇਕ (94171-16200)।

**ਹਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 09-06-2018, ਲੋਕ ਸੂਚਨਾ ਅਧਿਕਾਰੀ ਦਫਤਰ ਕਮਿਸ਼ਨਰ, ਫਿਰੋਜ਼ਪੁਰ ਡਿਵੀਜ਼ਨ, ਫਿਰੋਜ਼ਪੁਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਸ਼੍ਰੀ ਪਰਮਜੀਤ ਸਿੰਘ ਅਤੇ ਸ਼੍ਰੀਮਤੀ ਰਾਜ ਕੁਮਾਰੀ ਦੀ ਬਤੌਰ ਸੁਪਰਡੰਟ-2 ਦੀ ਤਰੱਕੀ ਨਾਲ ਸਬੰਧਤ 13 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 13-09-2018 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 25-10-2018 ਨੂੰ ਪਹਿਲੀ ਸੁਣਵਾਈ ਮਿਤੀ 20-11-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਸ਼ਿਕਾਇਤਕਰਤਾ ਨੇ ਆਪਣਾ ਜਵਾਬ, ਮਿਤੀ 20-11-2018 ਪੇਸ਼ ਕਰਦੇ ਹੋਏ ਦੱਸਿਆ ਹੈ ਕਿ ਉਸ ਨੂੰ ਅਜੇ ਤੱਕ ਕੋਈ ਵੀ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਵੱਲੋਂ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਗਈ ਹੈ।ਸ਼ਿਕਾਇਤਕਰਤਾ ਵੱਲੋਂ ਪੇਸ਼ ਕੀਤਾ ਗਿਆ ਜਵਾਬ ਮਿਸਲ ਤੇ ਰੱਖ ਲਿਆ ਗਿਆ ਹੈ। ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਦੀਪਕ ਲੂੰਬਾ, ਸੀਨੀਅਰ ਸਹਾਇਕ ਨੇ ਪੱਤਰ ਨੰ:ਅ:ਸ:-3-2018/4654, ਮਿਤੀ 16-11-2018 ਪੇਸ਼ ਕਰਦੇ ਹੋਏ ਦੱਸਿਆ ਗਿਆ ਹੈ ਕਿ ਉਨ੍ਹਾਂ ਵੱਲੋਂ ਇਸ ਕੇਸ ਵਿੱਚ ਸ਼ਿਕਾਇਤਕਰਤਾ ਨੂੰ ਸੂਚਨਾ ਦੇਣ ਜਾਂ ਨਾ ਦੇਣ ਬਾਰੇ ਰਾਜ ਸੂਚਨਾ ਕਮਿਸ਼ਨਰ ਤੋਂ ਅਗਵਾਈ ਮੰਗੀ ਜਾ ਰਹੀ ਸੀ। ਸ਼ਿਕਾਇਤਕਰਤਾ ਦੀ ਆਰ.ਟੀ.ਆਈ. ਮਿਤੀ 07-06-2018 ਉਨ੍ਹਾਂ ਨੂੰ ਮਿਤੀ 11-06-2018 ਪ੍ਰਾਪਤ ਹੋਈ ਸੀ ਜਿਸ ਬਾਰੇ ਉਨ੍ਹਾਂ ਵੱਲੋਂ ਆਪਣੇ ਪੱਤਰ ਨੰ: ਅ:ਸ:-3-2018/3172, ਮਿਤੀ 18-07-2018 ਰਾਹੀਂ ਸੂਚਿਤ ਕੀਤਾ ਗਿਆ ਸੀ ਕਿ ਨੂੰ ਸੂਚਨਾ ਦੇਣ ਜਾਂ ਨਾ ਦੇਣ ਬਾਰੇ ਰਾਜ ਸੂਚਨਾ ਕਮਿਸ਼ਨਰ ਤੋਂ ਅਗਵਾਈ ਮੰਗੀ ਜਾ ਰਹੀ ਹੈ ਅਤੇ ਅਗਵਾਈ ਪ੍ਰਾਪਤ ਹੋਣ ਉਪਰੰਤ ਉਸ ਨੂੰ ਸੂਚਨਾ ਉਪਲਬਧ ਕਰਾਉਣ ਸਬੰਧੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਪਰੰਤੂ ਉੱਤਰਦਾਤਾ ਪਹਿਲੀ ਅਪੀਲੀ ਅਥਾਰਟੀ ਕੋਲ ਵੀ ਨਹੀਂ ਗਿਆ ਅਤੇ ਉਸ ਵੱਲੋਂ ਕਮਿਸ਼ਨ ਵਿਖੇ ਸ਼ਿਕਾਇਤ ਦਾਇਰ ਕਰ ਦਿੱਤੀ ਗਈ ਹੈ।

3. ਉੱਤਰਦਾਤਾ ਵੱਲੋਂ ਸਮੇਂ ਸਿਰ ਸ਼ਿਕਾਇਤਕਰਤਾ ਦੀ ਆਰ.ਟੀ.ਆਈ. ਦਾ ਜਵਾਬ ਭੇਜਿਆ ਗਿਆ ਹੈ। ਇਸ ਕਰਕੇ ਇਹ ਸ਼ਿਕਾਇਤ ਕੇਸ ਨਹੀਂ ਬਣਦਾ। ਕਮਿਸ਼ਨ ਨੂੰ ਪਹੁੰਚ ਕਰਨ ਤੋਂ ਪਹਿਲਾਂ ਸ਼ਿਕਾਇਤਕਰਤਾ ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਪਹੁੰਚ ਕਰਨੀ ਚਾਹੀਦੀ ਸੀ। ਇਸ ਲਈ ਸ਼ਿਕਾਇਤਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਸ਼ਿਕਾਇਤ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ। ਸ਼ਿਕਾਇਤਕਰਾ ਨੂੰ ਇਹ ਖੁਲ੍ਹ ਹੋਵੇਗੀ ਕਿ ਜੇਕਰ ਉਹ ਲੋੜ ਸਮਝੇ ਤਾਂ ਉਹ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕਰ ਸਕਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 20 ਨਵੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172-2864125,2864110

ਸ਼੍ਰੀ ਪਵਨ ਕੁਮਾਰ ਸ਼ਰਮਾ, ਐਡਵੋਕੇਟ, (94639-50619)
ਪੁੱਤਰ ਲੇਟ ਸ਼੍ਰੀ ਭਗਵੰਤ ਕਿਸ਼ੋਰ,
ਮਕਾਨ ਨੰ:585, ਫੇਸ-2,
ਮੁਹਾਲੀ। .......ਸ਼ਿਕਾਇਤਕਰਤਾ

ਲੋਕ ਸੂਚਨਾ ਅਧਿਕਾਰੀ,
ਦਫਤਰ ਮੈਨੇਜਿੰਗ ਡਾਇਰੈਕਟਰ,
ਪੰਜਾਬ ਸਮਾਲ ਇੰਡਸਟ੍ਰੀਜ਼ ਅਤੇ
ਐਕਸਪੋਰਟ ਕਾਰਪੋਰੇਸ਼ਨ,ਲਿਮਟਿਡ,
ਉਦਯੋਗ ਭਵਨ, ਸੈਕਟਰ 17-ਏ,
ਚੰਡੀਗੜ੍ਹ। ........ ਉੱਤਰਦਾਤਾ

**ਸ਼ਿਕਾਇਤ ਕੇਸ ਨੰ:987 ਆਫ਼ 2018**

**ਹਾਜ਼ਰ:-**

1) ਸ਼੍ਰੀ ਪਵਨ ਕੁਮਾਰ ਸ਼ਰਮਾ, ਐਡਵੋਕੇਟ, ਸ਼ਿਕਾਇਤਕਰਤਾ।
2) ਉੱਤਰਦਾਤਾ ਵੱਲੋਂ ਸ਼੍ਰੀ ਜ਼ਸਵੰਤ ਸਿੰਘ, ਜੂਨੀਅਰ ਐਗਜ਼ੈਕਟਿਵ (98726-15390)।

**ਹੁਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 02-08-2018, ਲੋਕ ਸੂਚਨਾ ਅਧਿਕਾਰੀ ਦਫਤਰ ਮੈਨੇਜਿੰਗ ਡਾਇਰੈਕਟਰ,ਪੰਜਾਬ ਸਮਾਲ ਇੰਡਸਟ੍ਰੀਜ਼ ਅਤੇ ਐਕਸਪੋਰਟ ਕਾਰਪੋਰੇਸ਼ਨ,ਲਿਮਟਿਡ,ਉਦਯੋਗ ਭਵਨ, ਸੈਕਟਰ 17-ਏ, ਚੰਡੀਗੜ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਇੰਡਸਟ੍ਰੀਅਲ ਫੋਕਲ ਪੁਆਇੰਟਾਂ ਨੂੰ ਜ਼ਮੀਨ ਅਲਾਟ ਕਰਨ ਸਬੰਧੀ ਸਰਕਾਰੀ ਪਾਲਿਸੀ ਆਦਿ ਨਾਲ ਸਬੰਧਤ 5 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 14-09-2018 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 21-10-2018 ਨੂੰ ਪਹਿਲੀ ਸੁਣਵਾਈ ਮਿਤੀ 20-11-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਸ਼ਿਕਾਇਤਕਰਤਾ ਨੇ ਆਪਣਾ ਪੱਤਰ, ਮਿਤੀ 20-11-2018 ਪੇਸ਼ ਕਰਦੇ ਹੋਏ ਦੱਸਿਆ ਹੈ ਕਿ ਉਸ ਨੂੰ ਅਜੇ ਤੱਕ ਮੁਕੰਮਲ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਵੱਲੋ ਲੋਕ ਸੂਚਨਾ ਅਧਿਕਾਰੀ ਵਿਰੁੱਧ ਕਾਰਵਾਈ ਕਰਨ ਅਤੇ ਮਆਵਜ਼ੇ ਦੀ ਮੰਗ ਵੀ ਕੀਤੀ ਗਈ ਹੈ।ਸ਼ਿਕਾਇਤਕਰਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਜ਼ਸਵੰਤ ਸਿੰਘ, ਜੂਨੀਅਰ ਐਗਜ਼ੈਕਟਿਵ ਨੇ ਪੱਤਰ ਨੰ:ਪਲਉਨਿਨਿ/ਏ.ਪੀ.ਆਈ.ਓ./ਅਪੀਲ ਕੇਸ/19668, ਮਿਤੀ 19-11-2018 ਪੇਸ਼ ਕੀਤਾ ਗਿਆ ਹੈ, ਜਿਸ ਰਾਹੀਂ ਸ਼ਿਕਾਇਤਕਰਤਾ ਨੂੰ ਸੂਚਨਾ ਮੁਹੱਈਆ ਕੀਤੀ ਜਾ ਚੁੱਕੀ ਹੈ। ਉੱਤਰਦਾਤਾ ਵੱਲੋਂ ਪੇਸ਼ ਕੀਤਾ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

3. ਦਫ਼ਤਰੀ ਰਿਕਾਰਡ ਨੂੰ ਘੋਖਣ ਤੇ ਇਹ ਵੀ ਪਾਇਆ ਗਿਆ ਹੈ ਕਿ ਸ਼ਿਕਾਇਤਕਰਤਾ ਵੱਲੋਂ ਮਿਤੀ 02-08-2018 ਨੂੰ ਆਰ.ਟੀ.ਆਈ. ਪਾਈ ਗਈ ਸੀ ਪਰੰਤੂ ਲੋਕ ਸੂਚਨਾ ਅਧਿਕਾਰੀ ਵੱਲੌਂ ਉਸ ਨੂੰ ਸੂਚਨਾ ਨਹੀਂ ਦਿੱਤੀ ਗਈ ਅਤੇ ਸ਼ਿਕਾਇਤਕਰਤਾ ਨੂੰ ਸੂਚਨਾ ਲੈਣ ਵਾਸਤੇ ਮਿਤੀ 14-09-2018 ਨੂੰ ਰਾਜ ਸੂਚਨਾ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕਰਨ ਲਈ ਮਜ਼ਬੂਰ ਹੋਣਾ ਪਿਆ। ਕਮਿਸ਼ਨ ਵੱਲੋਂ ਪੇਸ਼ੀ ਲਈ ਮਿਤੀ 21-10-2018 ਨੂੰ

ਚਲਦਾ---ਪੰਨਾ/2

**ਸ਼ਿਕਾਇਤ ਕੇਸ ਨੰ:987 ਆਫ਼ 2018**

ਨੋਟਿਸ ਜਾਰੀ ਕਰਨ ਉਪਰੰਤ ਮਹਿਕਮੇ ਵੱਲੋਂ ਮਿਤੀ 19-11-2018 ਨੂੰ ਸ਼ਿਕਾਇਤਕਰਤਾ ਨੂੰ ਸੂਚਨਾ ਮੁਹੱਈਆ ਕੀਤੀ ਗਈ ਹੈ। ਇਸ ਤਰ੍ਹਾਂ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਲਗਭੱਗ 3 ਮਹੀਨੇ ਬਾਅਦ ਸ਼ਿਕਾਇਤਕਰਤਾ ਨੂੰ ਸੂਚਨਾ ਦਿੱਤੀ ਗਈ ਹੈ ਜਦੋਂ ਕਿ ਸੂਚਨਾ ਦਾ ਅਧਿਕਾਰ ਐਕਟ ਦੇ ਉਪਬੰਧਾਂ ਮੁਤਾਬਿਕ ਸ਼ਿਕਾਇਤਕਰਤਾ ਨੂੰ 30 ਦਿਨਾਂ ਤੇ ਅੰਦਰ-ਅੰਦਰ ਸੂਚਨਾ ਦੇਣੀ ਬਣਦੀ ਸੀ। ਇਸ ਤਰ੍ਹਾਂ ਕਰਕੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸੂਚਨਾ ਦਾ ਅਧਿਕਾਰ ਐਕਟ, 2005 ਦੀ ਘੋਰ ਉਲੰਘਣਾ ਕੀਤੀ ਗਈ ਹੈ, ਜਿਸ ਤੇ ਫਲਸਰੂਪ ਸ਼ਿਕਾਇਤਕਰਤਾ ਨੂੰ ਮਾਨਸਿਕ ਅਤੇ ਆਰਥਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ। ਇਸ ਲਈ ਸੂਚਨਾ ਦਾ ਅਧਿਕਾਰ ਐਕਟ, 2005 ਦੀ ਧਾਰਾ 19(8)(ਅ) ਤਹਿਤ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮੁਆਵਜ਼ੇ ਵਜੋਂ 10,000/-ਰੁਪਏ (ਕੇਵਲ ਦਸ ਹਜ਼ਾਰ ਰੁਪਏ) ਦੀ ਰਾਸ਼ੀ ਦੀ ਸ਼ਿਕਾਇਤਕਰਤਾ ਨੂੰ ਬੈਂਕ ਡਰਾਫ਼ਟ ਰਾਹੀਂ ਅਦਾਇਗੀ ਕਰਕੇ ਸਬੂਤ ਵਜੋਂ ਰਸੀਦ ਪੇਸ਼ੀ ਦੀ ਅਗਲੀ ਮਿਤੀ ਤੇ ਕਮਿਸ਼ਨ ਨੂੰ ਪੇਸ਼ ਕੀਤੀ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 13-12-2018 ਨੂੰ 11.30 ਵਜੇ ਲਈ ਨਿਸਚਿਤ ਕੀਤਾ ਜਾਂਦਾ ਹੈ।**

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 20 ਨਵੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172-2864125,2864110

ਸ਼੍ਰੀਮਤੀ ਪੂਨਮ ਗੁਪਤਾ, (98769-29371)
ਵਾਸੀ 10, ਨੇਤਾਜੀ ਪਾਰਕ,
ਨੇੜੇ ਹੋਟਲ ਕਮਲ ਪੈਲੇਸ,
ਜਲੰਧਰ-144001. ..........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪ੍ਰਿੰਸੀਪਲ,
ਕੰਨਿਆ ਮਹਾਂ ਵਿਦਿਆਲਿਆ,
ਜਲੰਧਰ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਪ੍ਰਧਾਨ, ਕੰਨਿਆ ਮਹਾਂ ਵਿਦਿਆਲਿਆ,
ਮੈਨੇਜਿੰਗ ਕਮੇਟੀ, ਜਲੰਧਰ। ..........ਉੱਤਰਦਾਤਾ

**ਅਪੀਲ ਕੇਸ ਨੰ:2313 ਆਫ਼ 2018**

**ਹਾਜ਼ਰ:**

1) ਅਪੀਲਕਰਤਾ ਵਲੋ ਸ਼੍ਰੀ ਵੈਭਵ ਗੁਪਤਾ, ਐਡਵੋਕੇਟ ਅਤੇ ਸ਼੍ਰੀ ਚੇਤੰਨਿਆ ਮਹਾਜਨ ਐਡਵੋਕੇਟ (098769-29371) ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਸਮੀਰ ਸਚਦੇਵਾ ਐਡਵੋਕੇਟ (98145-06858)।

**ਹੁਕਮ:-**

ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਅਪੀਲਕਰਤਾ ਵੱਲੋਂ ਹਾਜ਼ਰ ਸ਼੍ਰੀ ਵੈਭਵ ਗੁਪਤਾ, ਐਡਵੋਕੇਟ ਅਤੇ ਸ਼੍ਰੀ ਚੇਤੰਨਿਆ ਮਹਾਜਨ ਐਡਵੋਕੇਟ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਨੂੰ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਨ੍ਹਾਂ ਵੱਲੋਂ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਗਈ ਹੈ।

2. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਸਮੀਰ ਸਚਦੇਵਾ ਐਡਵੋਕੇਟ ਨੇ ਆਪਣਾ ਲਿਖਤੀ ਜਵਾਬ, ਮਿਤੀ 20-11-2018 ਪੇਸ਼ ਕੀਤਾ ਹੈ ਜੋ ਕਿ ਮਿਸਲ ਤੇ ਰੱਖ ਲਿਆ ਗਿਆ ਹੈ। ਹਾਜ਼ਰ ਉੱਤਰਦਾਤਾ ਵੱਲੋਂ ਆਪਣੇ ਜਵਾਬ ਵਿੱਚ ਕਿਹਾ ਗਿਆ ਹੈ ਮੌਜੂਦਾ ਮਾਮਲੇ ਵਿੱਚ ਅਪੀਲਕਰਤਾ ਵੱਲੋਂ 40 ਆਰ.ਟੀ.ਆਈ. ਅਰਜ਼ੀਆਂ ਦਾਇਰ ਕਰਨਾ ਕਾਨੂੰਨ ਦੀ ਦੁਰਵਰਤੋਂ ਕਰਨਾ ਅਤੇ ਉੱਤਰਦਾਤਾ ਅਧਿਕਾਰੀਆਂ ਨੂੰ ਉਸ ਵਿਰੁੱਧ ਕਾਨੂੰਨ ਮੁਤਾਬਿਕ ਕੀਤੀ ਜਾ ਰਾਹੀ ਕਾਰਵਾਈ ਤੋਂ ਰੋਕਣ ਅਤੇ ਡਰਾਉਣ ਦੀ ਕੋਸ਼ਿਸ਼ ਹੈ। ਉਨ੍ਹਾਂ ਵੱਲੋਂ ਕਿਹਾ ਗਿਆ ਹੈ ਕਿ ਅਪੀਲਕਰਤਾ ਸ਼੍ਰੀਮਤੀ ਪੂਨਮ ਗੁਪਤਾ ਨੂੰ ਮੇਜਰ ਮਿਸ ਕੰਡਕਟ ਲਈ ਮਿਤੀ 07-11-2016 ਨੂੰ ਚਾਰਜਸ਼ੀਟ ਕੀਤਾ ਗਿਆ ਸੀ ਅਤੇ ਵਿਸਥਾਰ-ਪੂਰਵਕ ਪੜਤਾਲ ਉਪਰੰਤ ਉਸ ਨੂੰ ਮੇਜਰ ਮਿਸ ਕੰਡਕਟ ਲਈ ਦੋਸ਼ੀ ਪਾਏ ਜਾਣ ਉਪਰੰਤ ਉਸ ਨੂੰ ਮਿਤੀ 05-06-2018 ਨੂੰ ਸੇਵਾ ਤੋਂ ਡਿਸਮਿਸ ਕਰਨ ਦੀ ਸਖਤ ਸਜ਼ਾ ਦਿੱਤੀ ਗਈ ਸੀ। ਇਸੇ ਕਾਰਨ ਅਪੀਲਕਰਤਾ ਵੱਲੋਂ ਸਾਲ 2016 ਤੋਂ ਅੱਗੇ ਉੱਤਰਦਾਤਾ ਅਧਿਕਾਰੀਆਂ ਨੂੰ ਉਸ ਵਿਰੁੱਧ ਕੀਤੀ ਜਾ ਰਹੀ ਕਾਨੂੰਨੀ ਕਾਰਵਾਈ ਵਿੱਚ ਅੜਚਣ ਪਾਉਣ ਦੇ ਮਕਸਦ ਨਾਲ ਇੱਕ ਤੋਂ ਬਾਅਦ ਦੂਜਾ ਕੇਸ ਦਾਇਰ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਹਾਜ਼ਰ ਉੱਤਰਦਾਤਾ ਵੱਲੋਂ ਆਪਣੇ ਜਵਾਬ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਕਿ ਉਨ੍ਹਾਂ ਦਾ ਕਾਲਿਜ ਇੱਕ ਪ੍ਰਾਈਵੇਟ ਸੰਸਥਾ ਹੈ। ਉਹ ਕਾਲਿਜ ਦੇ ਕੁੱਲ ਬਜਟ ਵਿੱਚੋਂ ਸਾਰਿਆਂ ਖਰਚਿਆਂ ਦਾ ਕੇਵਲ 10-15% ਹਿੱਸਾ ਸਰਕਾਰੀ ਵਿੱਤੀ ਸਹਾਇਤਾ ਵਜੋਂ ਪ੍ਰਾਪਤ ਕਰਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਕਾਲਿਜ

ਚਲਦਾ---ਪੰਨਾ/2

ਨੂੰ ਸਰਕਾਰ ਕੋਲੋਂ ਪ੍ਰਾਪਤ ਸਬਸਟਾਂਸ਼ੀਅਲ (Substantial) ਵਿੱਤੀ ਸਹਾਇਤਾ ਕਾਲਿਜ ਨਹੀਂ ਕਿਹਾ ਜਾ ਸਕਦਾ। ਇਹ ਵੀ ਦੱਸਿਆ ਗਿਆ ਹੈ ਕਿ ਇਸ ਕੇਸ ਨਾਲ ਮਿਲਦੇ-ਜੁਲਦੇ ਕੇਸਾਂ ਵਿੱਚ ਮਾਣਯੋਗ ਹਾਈ ਕੋਰਟ ਵੱਲੋਂ ਕਮਿਸ਼ਨ ਵਿੱਚ ਚਲਦੀ ਕਾਰਵਾਈ ਤੇ ਰੋਕ ਲਗਾਈ ਹੋਈ ਹੈ ਜਿਸ ਦੇ ਫਲਸਰੂਪ ਰਾਜ ਸੂਚਨਾ ਕਮਿਸ਼ਨ ਨੇ ਉਹ ਕੇਸ ਅਣਮਿੱਥੇ ਸਮੇਂ ਲਈ ਮੁਲਤਵੀ ਕੀਤੇ ਹੋਏ ਹਨ। ਇਸ ਲਈ ਉਸ ਵੱਲੋਂ ਕਿਹਾ ਗਿਆ ਹੈ ਕਿ ਮੌਜੂਦਾ ਅਪੀਲ ਕੇਸ ਰੱਦ ਕਰਨ ਯੋਗ ਹੈ।

3. ਉੱਤਰਦਾਤਾ ਵੱਲੋਂ ਪੇਸ਼ ਕੀਤੇ ਗਏ ਜਵਾਬ ਨੂੰ ਕਮਿਸ਼ਨ ਵੱਲੋਂ ਗਹੁ ਨਾਲ ਵਾਚਣ ਤੇ ਇਹ ਪਾਇਆ ਗਿਆ ਹੈ ਕਿ ਉਸ ਦਾ ਜਵਾਬ ਕੇਵਲ ਅਪੀਲਕਰਤਾ ਵਿਰੁੱਧ ਕੀਤੀ ਗਈ ਸ਼ਿਕਾਇਤ ਹੀ ਹੈ ਅਤੇ ਇਸ ਦਾ ਅਪੀਲਕਰਤਾ ਦੀ ਆਰ.ਟੀ.ਆਈ. ਨਾਲ ਉੱਕਾ ਹੀ ਸਬੰਧ ਨਹੀਂ ਹੈ ਕਿਉਂ ਕਿ ਉੱਤਰਦਾਤਾ ਵੱਲੋਂ ਆਪਣੇ ਜਵਾਬ ਵਿੱਚ ਅਪੀਲਕਰਤਾ ਦੀ ਆਰ.ਟੀ.ਆਈ. ਅਰਜ਼ੀ ਦਾ ਕਿਤੇ ਵੀ ਜ਼ਿਕਰ ਨਹੀਂ ਕੀਤਾ ਗਿਆ ਕਿ ਅਪੀਲਕਰਤਾ ਵੱਲੋਂ ਕਿਹੜੀ ਸੂਚਨਾ ਦੀ ਮੰਗੀ ਕੀਤੀ ਗਈ ਹੈ। ਉੱਤਰਦਾਤਾ ਵੱਲੋ ਇਹ ਕਿਹਾ ਜਾਣਾ ਕਿ ਮੌਜੂਦਾ ਮਾਮਲੇ ਵਿੱਚ ਅਪੀਲਕਰਤਾ ਵੱਲੋਂ 40 ਆਰ. ਟੀ.ਆਈ. ਅਰਜ਼ੀਆਂ ਦਾਇਰ ਕੀਤੀਆਂ ਗਈਆਂ ਹਨ, ਵਾਜਿਬ ਨਹੀਂ ਹੈ ਕਿਉਂਕਿ ਸੂਚਨਾ ਦਾ ਅਧਿਕਾਰ ਐਕਟ, 2005 ਵਿੱਚ ਇਹ ਕਿਤੇ ਵੀ ਨਿਰਧਾਰਿਤ ਨਹੀਂ ਕੀਤਾ ਗਿਆ ਕਿ ਇੱਕ ਨਾਗਰਿਕ ਕਿੰਨੀਆਂ ਆਰ.ਟੀ.ਆਈ. ਅਰਜ਼ੀਆਂ ਦਾਇਰ ਕਰ ਸਕਦਾ ਹੈ। ਉੱਤਰਦਾਤਾ ਵੱਲੋਂ ਦਿੱਤੀ ਗਈ ਇਹ ਦਲੀਲ ਵੀ ਉਚਿੱਤ ਨਹੀਂ ਹੈ ਕਿ ਉਨ੍ਹਾਂ ਦਾ ਕਾਲਿਜ ਸਰਕਾਰੀ ਵਿੱਤੀ ਸਹਾਇਤਾ ਪ੍ਰਾਪਤ ਸੰਸਥਾ ਨਹੀਂ ਹੈ ਕਿਉਂਕਿ ਉਨ੍ਹਾਂ ਵੱਲੋਂ ਆਪਣੇ ਜਵਾਬ ਵਿੱਚ ਖੁਦ ਮੰਨਿਆ ਗਿਆ ਹੈ ਕਿ ਉਹ ਸਰਕਾਰ ਤੋਂ ਗਰਾਂਟ ਪ੍ਰਾਪਤ ਕਰ ਰਹੇ ਹਨ। ਅਪੀਲਕਰਤਾ ਵਲੋਂ ਆਪਣੀ ਆਰ.ਟੀ.ਆਈ., ਮਿਤੀ 07-11-2018 ਰਾਹੀਂ ਹੇਠ ਲਿਖੇ ਦੋ ਨੁਕਤਿਆਂ ਬਾਰੇ ਸੂਚਨਾ ਮੰਗੀ ਗਈ ਹੈ:-

1) ਕਮਰਸ ਵਿੱਚ ਬਤੌਰ ਨਿਯੁਕਤੀ ਲਈ ਉਸ ਦੇ ਨਿਯੁਕਤੀ ਪੱਤਰ ਦੀ ਕਾਪੀ; ਅਤੇ
2) ਉਕਤ ਆਸਾਮੀ ਲਈ ਅਖਬਾਰ ਵਿੱਚ ਦਿੱਤੇ ਗਏ ਇਸ਼ਤਿਹਾਰ ਦੀ ਕਾਪੀ।

ਅਪੀਲਕਰਤਾ ਵੱਲੋ ਮੰਗੀ ਗਈ ਸੂਚਨਾ ਉਸ ਨੂੰ ਆਪਣੇ ਨਿੱਜੀ ਮੰਤਵ ਲਈ ਲੋੜੀਂਦੀ ਹੈ ਜਿਸ ਕਰਕੇ ਉੱਤਰਦਾਤਾ ਨੂੰ ਇਹ ਸੂਚਨਾ ਅਪੀਲਕਰਤਾ ਨੂੰ ਮੁਹੱਈਆ ਕਰਾਉਣ ਵਿੱਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ ਸੀ ਪਰੰਤੂ ਉੱਤਰਦਾਤਾ ਨੇ ਵਿਅਰਥ, ਨਿਰਾਧਾਰ ਅਤੇ ਗੁੰਮਰਾਹਕੁੰਨ ਜਵਾਬ ਪੇਸ਼ ਕਰਕੇ ਇਸ ਮਾਮਲੇ ਨੂੰ ਹੋਰ ਲਮਕਾਉਣ/ਉਲਝਾਉਣ ਅਤੇ ਕਮਿਸ਼ਨ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਦਾ ਕਮਿਸ਼ਨ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਵੱਲੋਂ ਮੰਗੀ ਗਈ ਸੂਚਨਾ ਅਪੀਲਕਰਤਾ ਨੂੰ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਰਜਿਸਟਰਡ ਡਾਕ ਰਾਹੀਂ ਭੇਜਦੇ ਹੋਏ ਕਮਿਸ਼ਨ ਨੂੰ ਵੀ ਸੂਚਿਤ ਕੀਤਾ ਜਾਵੇ ਅਤੇ ਪੇਸ਼ੀ ਤੇ ਨਿੱਜੀ ਤੌਰ ਤੇ ਹਾਜ਼ਰ ਹੋਣਾ ਵੀ ਯਕੀਨੀ ਬਣਾਇਆ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ** 26-11-2018 **ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 20 ਨਵੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172-2864125,2864110

ਸ਼੍ਰੀਮਤੀ ਪੂਨਮ ਗੁਪਤਾ, (98769-29371)
ਵਾਸੀ 10, ਨੇਤਾਜੀ ਪਾਰਕ,
ਨੇੜੇ ਹੋਟਲ ਕਮਲ ਪੈਲੇਸ,
ਜਲੰਧਰ-144001. ..........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪ੍ਰਿੰਸੀਪਲ,
ਕੰਨਿਆ ਮਹਾਂ ਵਿਦਿਆਲਿਆ,
ਜਲੰਧਰ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਪ੍ਰਧਾਨ, ਕੰਨਿਆ ਮਹਾਂ ਵਿਦਿਆਲਿਆ,
ਮੈਨੇਜਿੰਗ ਕਮੇਟੀ, ਜਲੰਧਰ। ..........ਉੱਤਰਦਾਤਾ

**ਅਪੀਲ ਕੇਸ ਨੰ:2314 ਆਫ਼ 2018**

**ਹਾਜ਼ਰ:**

1) ਅਪੀਲਕਰਤਾ ਵਲੋ ਸ਼੍ਰੀ ਵੈਭਵ ਗੁਪਤਾ, ਐਡਵੋਕੇਟ ਅਤੇ ਸ਼੍ਰੀ ਚੇਤੰਨਿਆ ਮਹਾਜਨ ਐਡਵੋਕੇਟ (098769-29371) ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਸਮੀਰ ਸਚਦੇਵਾ ਐਡਵੋਕੇਟ (98145-06858)।

**ਹੁਕਮ:-**

ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਅਪੀਲਕਰਤਾ ਵੱਲੋਂ ਹਾਜ਼ਰ ਸ਼੍ਰੀ ਵੈਭਵ ਗੁਪਤਾ, ਐਡਵੋਕੇਟ ਅਤੇ ਸ਼੍ਰੀ ਚੇਤੰਨਿਆ ਮਹਾਜਨ ਐਡਵੋਕੇਟ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਨੂੰ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ।

2. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਸਮੀਰ ਸਚਦੇਵਾ ਐਡਵੋਕੇਟ ਨੇ ਅਪੀਲ ਕੇਸ ਨੰ:2313/2018 ਵਿੱਚ ਪੇਸ਼ ਕੀਤਾ ਗਿਆ ਆਪਣਾ ਜਵਾਬ ਹੀ ਮੌਜੂਦਾ ਕੇਸ ਵਿੱਚ ਵੀ ਵਿਚਾਰਨ ਵਾਸਤੇ ਕਿਹਾ ਗਿਆ ਪਰੰਤੂ ਉਸ ਵਲੋਂ ਵੱਖਰੇ ਤੌਰ ਤੇ ਜਵਾਬ ਦੀ ਕਾਪੀ ਪੇਸ਼ ਨਹੀਂ ਕੀਤੀ ਗਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਸਮੀਰ ਸਚਦੇਵਾ ਐਡਵੋਕੇਟ ਨੇ ਅਪੀਲ ਕੇਸ ਨੰ:2313 ਆਫ਼ 2018 ਵਿੱਚ ਪੇਸ਼ ਕੀਤੇ ਗਏ ਆਪਣੇ ਲਿਖਤੀ ਜਵਾਬ, ਮਿਤੀ 20-11-2018 ਵਿੱਚ ਕਿਹਾ ਗਿਆ ਹੈ ਮੌਜੂਦਾ ਮਾਮਲੇ ਵਿੱਚ ਅਪੀਲਕਰਤਾ ਵੱਲੋਂ 40 ਆਰ. ਟੀ.ਆਈ. ਅਰਜ਼ੀਆਂ ਦਾਇਰ ਕਰਨਾ ਕਾਨੂੰਨ ਦੀ ਦੁਰਵਰਤੋਂ ਕਰਨਾ ਅਤੇ ਉੱਤਰਦਾਤਾ ਅਧਿਕਾਰੀਆਂ ਨੂੰ ਉਸ ਵਿਰੁੱਧ ਕਾਨੂੰਨ ਮੁਤਾਬਿਕ ਕੀਤੀ ਜਾ ਰਾਹੀ ਕਾਰਵਾਈ ਤੋਂ ਰੋਕਣ ਅਤੇ ਡਰਾਉਣ ਦੀ ਕੋਸ਼ਿਸ਼ ਹੈ। ਉਨ੍ਹਾਂ ਵੱਲੋਂ ਕਿਹਾ ਗਿਆ ਹੈ ਕਿ ਅਪੀਲਕਰਤਾ ਸ਼੍ਰੀਮਤੀ ਪੂਨਮ ਗੁਪਤਾ ਨੂੰ ਮੇਜਰ ਮਿਸ ਕੰਡਕਟ ਲਈ ਮਿਤੀ 07-11-2016 ਨੂੰ ਚਾਰਜਸ਼ੀਟ ਕੀਤਾ ਗਿਆ ਸੀ ਅਤੇ ਵਿਸਥਾਰ-ਪੂਰਵਕ ਪੜਤਾਲ ਉਪਰੰਤ ਉਸ ਨੂੰ ਮੇਜਰ ਮਿਸ ਕੰਡਕਟ ਲਈ ਦੋਸ਼ੀ ਪਾਏ ਜਾਣ ਉਪਰੰਤ ਉਸ ਨੂੰ ਮਿਤੀ 05-06-2018 ਨੂੰ ਸੇਵਾ ਤੋਂ ਡਿਸਮਿਸ ਕਰਨ ਦੀ ਸਖਤ ਸਜ਼ਾ ਦਿੱਤੀ ਗਈ ਸੀ। ਇਸੇ ਕਾਰਨ ਅਪੀਲਕਰਤਾ ਵੱਲੋਂ ਸਾਲ 2016 ਤੋਂ ਅੱਗੇ ਉੱਤਰਦਾਤਾ ਅਧਿਕਾਰੀਆਂ ਨੂੰ ਉਸ ਵਿਰੁੱਧ ਕੀਤੀ ਜਾ ਰਹੀ ਕਾਨੂੰਨੀ ਕਾਰਵਾਈ ਵਿੱਚ ਅੜਚਣ ਪਾਉਣ ਦੇ ਮਕਸਦ ਨਾਲ ਇੱਕ ਤੋਂ ਬਾਅਦ ਦੂਜਾ ਕੇਸ ਦਾਇਰ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ

ਚਲਦਾ---ਪੰਨਾ/2

ਹਾਜ਼ਰ ਉੱਤਰਦਾਤਾ ਵੱਲੋਂ ਆਪਣੇ ਜਵਾਬ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਉਨ੍ਹਾਂ ਦਾ ਕਾਲਿਜ ਇੱਕ ਪ੍ਰਾਈਵੇਟ ਸੰਸਥਾ ਹੈ। ਉਹ ਕਾਲਿਜ ਦੇ ਕੁੱਲ ਬਜਟ ਵਿੱਚੋਂ ਸਾਰਿਆਂ ਖਰਚਿਆਂ ਦਾ ਕੇਵਲ 10-15% ਹਿੱਸਾ ਸਰਕਾਰੀ ਵਿੱਤੀ ਸਹਾਇਤਾ ਵਜੋਂ ਪ੍ਰਾਪਤ ਕਰਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਕਾਲਿਜ ਨੂੰ ਸਰਕਾਰ ਕੋਲੋਂ ਪ੍ਰਾਪਤ ਸਬਸਟਾਂਸ਼ੀਅਲ (Substantial) ਵਿੱਤੀ ਸਹਾਇਤਾ ਕਾਲਿਜ ਨਹੀਂ ਕਿਹਾ ਜਾ ਸਕਦਾ। ਇਹ ਵੀ ਦੱਸਿਆ ਗਿਆ ਹੈ ਕਿ ਇਸ ਕੇਸ ਨਾਲ ਮਿਲਦੇ-ਜੁਲਦੇ ਕੇਸਾਂ ਵਿੱਚ ਮਾਣਯੋਗ ਹਾਈ ਕੋਰਟ ਵੱਲੋਂ ਕਮਿਸ਼ਨ ਵਿੱਚ ਚਲਦੀ ਕਾਰਵਾਈ ਤੇ ਰੋਕ ਲਗਾਈ ਹੋਈ ਹੈ ਜਿਸ ਦੇ ਫਲਸਰੂਪ ਰਾਜ ਸੂਚਨਾ ਕਮਿਸ਼ਨ ਨੇ ਉਹ ਕੇਸ ਅਣਮਿੱਥੇ ਸਮੇਂ ਲਈ ਮੁਲਤਵੀ ਕੀਤੇ ਹੋਏ ਹਨ। ਇਸ ਲਈ ਉਸ ਵੱਲੋਂ ਕਿਹਾ ਗਿਆ ਹੈ ਕਿ ਮੌਜੂਦਾ ਅਪੀਲ ਕੇਸ ਰੱਦ ਕਰਨ ਯੋਗ ਹੈ।

3. ਉੱਤਰਦਾਤਾ ਵੱਲੋਂ ਪੇਸ਼ ਕੀਤੇ ਗਏ ਜਵਾਬ ਨੂੰ ਕਮਿਸ਼ਨ ਵੱਲੋਂ ਗਹੁ ਨਾਲ ਵਾਚਣ ਤੇ ਇਹ ਪਾਇਆ ਗਿਆ ਹੈ ਕਿ ਉਸ ਦਾ ਜਵਾਬ ਕੇਵਲ ਅਪੀਲਕਰਤਾ ਵਿਰੁੱਧ ਕੀਤੀ ਗਈ ਸ਼ਿਕਾਇਤ ਹੀ ਹੈ ਅਤੇ ਇਸ ਦਾ ਅਪੀਲਕਰਤਾ ਦੀ ਆਰ.ਟੀ.ਆਈ. ਨਾਲ ਉੱਕਾ ਹੀ ਸਬੰਧ ਨਹੀਂ ਹੈ ਕਿਉਂਕਿ ਉੱਤਰਦਾਤਾ ਵੱਲੋਂ ਆਪਣੇ ਜਵਾਬ ਵਿੱਚ ਅਪੀਲਕਰਤਾ ਦੀ ਆਰ.ਟੀ.ਆਈ. ਅਰਜ਼ੀ ਦਾ ਕਿਤੇ ਵੀ ਜ਼ਿਕਰ ਨਹੀਂ ਕੀਤਾ ਗਿਆ ਕਿ ਅਪੀਲਕਰਤਾ ਵੱਲੋਂ ਕਿਹੜੀ ਸੂਚਨਾ ਦੀ ਮੰਗੀ ਕੀਤੀ ਗਈ ਹੈ। ਉੱਤਰਦਾਤਾ ਵੱਲੋ ਇਹ ਕਿਹਾ ਜਾਣਾ ਕਿ ਮੌਜੂਦਾ ਮਾਮਲੇ ਵਿੱਚ ਅਪੀਲਕਰਤਾ ਵੱਲੋਂ 40 ਆਰ. ਟੀ.ਆਈ. ਅਰਜ਼ੀਆਂ ਦਾਇਰ ਕੀਤੀਆਂ ਗਈਆਂ ਹਨ, ਵਾਜਿਬ ਨਹੀਂ ਹੈ ਕਿਉਂਕਿ ਸੂਚਨਾ ਦਾ ਅਧਿਕਾਰ ਐਕਟ, 2005 ਵਿੱਚ ਇਹ ਕਿਤੇ ਵੀ ਨਿਰਧਾਰਿਤ ਨਹੀਂ ਕੀਤਾ ਗਿਆ ਕਿ ਇੱਕ ਨਾਗਰਿਕ ਕਿੰਨੀਆਂ ਆਰ.ਟੀ.ਆਈ. ਅਰਜ਼ੀਆਂ ਦਾਇਰ ਕਰ ਸਕਦਾ ਹੈ। ਉੱਤਰਦਾਤਾ ਵੱਲੋਂ ਦਿੱਤੀ ਗਈ ਇਹ ਦਲੀਲ ਵੀ ਉਚਿੱਤ ਨਹੀਂ ਹੈ ਕਿ ਉਨ੍ਹਾਂ ਦਾ ਕਾਲਿਜ ਸਰਕਾਰੀ ਵਿੱਤੀ ਸਹਾਇਤਾ ਪ੍ਰਾਪਤ ਸੰਸਥਾ ਨਹੀਂ ਹੈ ਕਿਉਂਕਿ ਉਨ੍ਹਾਂ ਵੱਲੋਂ ਆਪਣੇ ਜਵਾਬ ਵਿੱਚ ਖੁਦ ਮੰਨਿਆ ਗਿਆ ਹੈ ਕਿ ਉਹ ਸਰਕਾਰ ਤੋਂ ਗਰਾਂਟ ਪ੍ਰਾਪਤ ਕਰ ਰਹੇ ਹਨ। ਅਪੀਲਕਰਤਾ ਵਲੋਂ ਆਪਣੀ ਆਰ.ਟੀ.ਆਈ., ਮਿਤੀ 09-09-2017 ਰਾਹੀਂ ਸਹਾਇਤਾ ਪ੍ਰਾਪਤ ਅਤੇ ਗੈਰ ਸਹਾਇਤਾ ਪ੍ਰਾਪਤ (Aided and un-aided) ਅਧਿਆਪਕਾਂ ਦੇ ਕੇਸਾਂ ਵਿੱਚ ਕੱਟੇ ਜਾ ਰਹੇ ਜੀ.ਪੀ. ਫੰਡ ਨਾਲ ਸਬੰਧਤ ਸੂਚਨਾ ਮੰਗੀ ਗਈ ਹੈ। ਅਪੀਲਕਰਤਾ ਵੱਲੋ ਮੰਗੀ ਗਈ ਸੂਚਨਾ ਉਸ ਨੂੰ ਆਪਣੇ ਨਿੱਜੀ ਮੰਤਵ ਲਈ ਲੋੜੀਂਦੀ ਹੈ ਜਿਸ ਕਰਕੇ ਉੱਤਰਦਾਤਾ ਨੂੰ ਇਹ ਸੂਚਨਾ ਅਪੀਲਕਰਤਾ ਨੂੰ ਮੁਹੱਈਆ ਕਰਾਉਣ ਵਿੱਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ ਸੀ ਪਰੰਤੂ ਉੱਤਰਦਾਤਾ ਨੇ ਵਿਅਰਥ, ਨਿਰਾਧਾਰ ਅਤੇ ਗੁੰਮਰਾਹਕੁੰਨ ਜਵਾਬ ਪੇਸ਼ ਕਰਕੇ ਇਸ ਮਾਮਲੇ ਨੂੰ ਹੋਰ ਲਮਕਾਉਣ/ਉਲਝਾਉਣ ਅਤੇ ਕਮਿਸ਼ਨ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਇਸ ਕੇਸ ਦੇ ਤੱਥਾਂ ਦੀ ਸਹੀ ਤਸਵੀਰ ਪੇਸ਼ ਨਹੀਂ ਕੀਤੀ ਜਾ ਰਹੀ ਹੈ ਜਿਸ ਦਾ ਕਮਿਸ਼ਨ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਕਰਕੇ ਲੋਕ ਸੂਚਨਾ ਅਧਿਕਾਰੀ (ਪ੍ਰਿੰਸੀਪਲ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਕੇਸ ਵਿੱਚ ਪੇਸ਼ੀ ਤੇ ਖੁਦ ਹਾਜ਼ਰ ਹੋ ਕੇ ਕੇਸ ਦੀ ਸਹੀ ਸਥਿਤੀ ਤੋਂ ਕਮਿਸ਼ਨ ਨੂੰ ਜਾਣੂ ਕਰਵਾਇਆ ਜਾਵੇ ਅਤੇ ਕਮਿਸ਼ਨ ਦਾ ਕੀਮਤੀ ਸਮਾਂ ਬੇਵਜ੍ਹਾ ਬਰਬਾਦ ਨਾ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 11-12-2018 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 20 ਨਵੰਬਰ, 2018.**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀਮਤੀ ਪੂਨਮ ਗੁਪਤਾ, (98769-29371)
ਵਾਸੀ 10, ਨੇਤਾਜੀ ਪਾਰਕ,
ਨੇੜੇ ਹੋਟਲ ਕਮਲ ਪੈਲੇਸ,
ਜਲੰਧਰ-144001. ..........ਅਪੀਲਕਰਤਾ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪ੍ਰਿੰਸੀਪਲ,
ਕੰਨਿਆ ਮਹਾਂ ਵਿਦਿਆਲਿਆ,
ਜਲੰਧਰ।

ਬਨਾਮ

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਪ੍ਰਧਾਨ, ਕੰਨਿਆ ਮਹਾਂ ਵਿਦਿਆਲਿਆ,
ਮੈਨੇਜਿੰਗ ਕਮੇਟੀ, ਜਲੰਧਰ। ........ ਉੱਤਰਦਾਤਾ

**ਅਪੀਲ ਕੇਸ ਨੰ:2315 ਆਫ਼ 2018**

**ਹਾਜ਼ਰ:**

1) ਅਪੀਲਕਰਤਾ ਵਲੋ ਸ਼੍ਰੀ ਵੈਭਵ ਗੁਪਤਾ, ਐਡਵੋਕੇਟ ਅਤੇ ਸ਼੍ਰੀ ਚੇਤੰਨਿਆ ਮਹਾਜਨ ਐਡਵੋਕੇਟ (098769-29371) ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਸਮੀਰ ਸਚਦੇਵਾ ਐਡਵੋਕੇਟ (98145-06858)।

**ਹੁਕਮ:-**

ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਅਪੀਲਕਰਤਾ ਵੱਲੋਂ ਹਾਜ਼ਰ ਸ਼੍ਰੀ ਵੈਭਵ ਗੁਪਤਾ, ਐਡਵੋਕੇਟ ਅਤੇ ਸ਼੍ਰੀ ਚੇਤੰਨਿਆ ਮਹਾਜਨ ਐਡਵੋਕੇਟ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਨੂੰ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਨ੍ਹਾਂ ਵੱਲੋਂ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਗਈ ਹੈ।

2. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਸਮੀਰ ਸਚਦੇਵਾ ਐਡਵੋਕੇਟ ਨੇ ਅਪੀਲ ਕੇਸ ਨੰ:2313/2018 ਵਿੱਚ ਪੇਸ਼ ਕੀਤਾ ਗਿਆ ਆਪਣਾ ਜਵਾਬ ਹੀ ਮੌਜੂਦਾ ਕੇਸ ਵਿੱਚ ਵੀ ਵਿਚਾਰਨ ਵਾਸਤੇ ਕਿਹਾ ਗਿਆ ਪਰੰਤੂ ਉਸ ਵਲੋਂ ਵੱਖਰੇ ਤੌਰ ਤੇ ਜਵਾਬ ਦੀ ਕਾਪੀ ਪੇਸ਼ ਨਹੀਂ ਕੀਤੀ ਗਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਸਮੀਰ ਸਚਦੇਵਾ ਐਡਵੋਕੇਟ ਨੇ ਅਪੀਲ ਕੇਸ ਨੰ:2313 ਆਫ਼ 2018 ਵਿੱਚ ਪੇਸ਼ ਕੀਤੇ ਗਏ ਆਪਣੇ ਲਿਖਤੀ ਜਵਾਬ, ਮਿਤੀ 20-11-2018 ਵਿੱਚ ਕਿਹਾ ਗਿਆ ਹੈ ਮੌਜੂਦਾ ਮਾਮਲੇ ਵਿੱਚ ਅਪੀਲਕਰਤਾ ਵੱਲੋਂ 40 ਆਰ. ਟੀ.ਆਈ. ਅਰਜ਼ੀਆਂ ਦਾਇਰ ਕਰਨਾ ਕਾਨੂੰਨ ਦੀ ਦੁਰਵਰਤੋਂ ਕਰਨਾ ਅਤੇ ਉੱਤਰਦਾਤਾ ਅਧਿਕਾਰੀਆਂ ਨੂੰ ਉਸ ਵਿਰੁੱਧ ਕਾਨੂੰਨ ਮੁਤਾਬਿਕ ਕੀਤੀ ਜਾ ਰਾਹੀ ਕਾਰਵਾਈ ਤੋਂ ਰੋਕਣ ਅਤੇ ਡਰਾਉਣ ਦੀ ਕੋਸ਼ਿਸ਼ ਹੈ। ਉਨ੍ਹਾਂ ਵੱਲੋਂ ਕਿਹਾ ਗਿਆ ਹੈ ਕਿ ਅਪੀਲਕਰਤਾ ਸ਼੍ਰੀਮਤੀ ਪੂਨਮ ਗੁਪਤਾ ਨੂੰ ਮੇਜਰ ਮਿਸ ਕੰਡਕਟ ਲਈ ਮਿਤੀ 07-11-2016 ਨੂੰ ਚਾਰਜਸ਼ੀਟ ਕੀਤਾ ਗਿਆ ਸੀ ਅਤੇ ਵਿਸਥਾਰ-ਪੂਰਵਕ ਪੜਤਾਲ ਉਪਰੰਤ ਉਸ ਨੂੰ ਮੇਜਰ ਮਿਸ ਕੰਡਕਟ ਲਈ ਦੋਸ਼ੀ ਪਾਏ ਜਾਣ ਉਪਰੰਤ ਉਸ ਨੂੰ ਮਿਤੀ 05-06-2018 ਨੂੰ ਸੇਵਾ ਤੋਂ ਡਿਸਮਿਸ ਕਰਨ ਦੀ ਸਖਤ ਸਜ਼ਾ ਦਿੱਤੀ ਗਈ ਸੀ। ਇਸੇ ਕਾਰਨ ਅਪੀਲਕਰਤਾ ਵੱਲੋਂ ਸਾਲ 2016 ਤੋਂ ਅੱਗੇ ਉੱਤਰਦਾਤਾ ਅਧਿਕਾਰੀਆਂ ਨੂੰ ਉਸ ਵਿਰੁੱਧ ਕੀਤੀ ਜਾ ਰਹੀ ਕਾਨੂੰਨੀ ਕਾਰਵਾਈ ਵਿੱਚ ਅੜਚਣ ਪਾਉਣ ਦੇ ਮਕਸਦ ਨਾਲ ਇੱਕ ਤੋਂ ਬਾਅਦ ਦੂਜਾ ਕੇਸ ਦਾਇਰ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਹਾਜ਼ਰ ਉੱਤਰਦਾਤਾ ਵੱਲੋਂ ਆਪਣੇ ਜਵਾਬ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਉਨ੍ਹਾਂ ਦਾ ਕਾਲਿਜ ਇੱਕ ਪ੍ਰਾਈਵੇਟ ਸੰਸਥਾ ਹੈ। ਉਹ

ਚਲਦਾ---ਪੰਨਾ/2

ਕਾਲਿਜ ਦੇ ਕੁੱਲ ਬਜਟ ਵਿੱਚੋਂ ਸਾਰਿਆਂ ਖਰਚਿਆਂ ਦਾ ਕੇਵਲ 10-15% ਹਿੱਸਾ ਸਰਕਾਰੀ ਵਿੱਤੀ ਸਹਾਇਤਾ ਵਜੋਂ ਪ੍ਰਾਪਤ ਕਰਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਕਾਲਿਜ ਨੂੰ ਸਰਕਾਰ ਕੋਲੋਂ ਪ੍ਰਾਪਤ ਸਬਸਟਾਂਸ਼ੀਅਲ (Substantial) ਵਿੱਤੀ ਸਹਾਇਤਾ ਕਾਲਿਜ ਨਹੀਂ ਕਿਹਾ ਜਾ ਸਕਦਾ। ਇਹ ਵੀ ਦੱਸਿਆ ਗਿਆ ਹੈ ਕਿ ਇਸ ਕੇਸ ਨਾਲ ਮਿਲਦੇ-ਜੁਲਦੇ ਕੇਸਾਂ ਵਿੱਚ ਮਾਣਯੋਗ ਹਾਈ ਕੋਰਟ ਵੱਲੋਂ ਕਮਿਸ਼ਨ ਵਿੱਚ ਚਲਦੀ ਕਾਰਵਾਈ ਤੇ ਰੋਕ ਲਗਾਈ ਹੋਈ ਹੈ ਜਿਸ ਦੇ ਫਲਸਰੂਪ ਰਾਜ ਸੂਚਨਾ ਕਮਿਸ਼ਨ ਨੇ ਉਹ ਕੇਸ ਅਣਮਿੱਥੇ ਸਮੇਂ ਲਈ ਮੁਲਤਵੀ ਕੀਤੇ ਹੋਏ ਹਨ। ਇਸ ਲਈ ਉਸ ਵੱਲੋਂ ਕਿਹਾ ਗਿਆ ਹੈ ਕਿ ਮੌਜੂਦਾ ਅਪੀਲ ਕੇਸ ਰੱਦ ਕਰਨ ਯੋਗ ਹੈ।

3. ਉੱਤਰਦਾਤਾ ਵੱਲੋਂ ਪੇਸ਼ ਕੀਤੇ ਗਏ ਜਵਾਬ ਨੂੰ ਕਮਿਸ਼ਨ ਵੱਲੋਂ ਗਹੁ ਨਾਲ ਵਾਚਣ ਤੇ ਇਹ ਪਾਇਆ ਗਿਆ ਹੈ ਕਿ ਉਸ ਦਾ ਜਵਾਬ ਕੇਵਲ ਅਪੀਲਕਰਤਾ ਵਿਰੁੱਧ ਕੀਤੀ ਗਈ ਸ਼ਿਕਾਇਤ ਹੀ ਹੈ ਅਤੇ ਇਸ ਦਾ ਅਪੀਲਕਰਤਾ ਦੀ ਆਰ.ਟੀ.ਆਈ. ਨਾਲ ਉੱਕਾ ਹੀ ਸਬੰਧ ਨਹੀਂ ਹੈ ਕਿਉਂਕਿ ਉੱਤਰਦਾਤਾ ਵੱਲੋਂ ਆਪਣੇ ਜਵਾਬ ਵਿੱਚ ਅਪੀਲਕਰਤਾ ਦੀ ਆਰ.ਟੀ.ਆਈ. ਅਰਜ਼ੀ ਦਾ ਕਿਤੇ ਵੀ ਜ਼ਿਕਰ ਨਹੀਂ ਕੀਤਾ ਗਿਆ ਕਿ ਅਪੀਲਕਰਤਾ ਵੱਲੋਂ ਕਿਹੜੀ ਸੂਚਨਾ ਦੀ ਮੰਗੀ ਕੀਤੀ ਗਈ ਹੈ। ਉੱਤਰਦਾਤਾ ਵੱਲੋ ਇਹ ਕਿਹਾ ਜਾਣਾ ਕਿ ਮੌਜੂਦਾ ਮਾਮਲੇ ਵਿੱਚ ਅਪੀਲਕਰਤਾ ਵੱਲੋਂ 40 ਆਰ. ਟੀ.ਆਈ. ਅਰਜ਼ੀਆਂ ਦਾਇਰ ਕੀਤੀਆਂ ਗਈਆਂ ਹਨ, ਵਾਜਿਬ ਨਹੀਂ ਹੈ ਕਿਉਂਕਿ ਸੂਚਨਾ ਦਾ ਅਧਿਕਾਰ ਐਕਟ, 2005 ਵਿੱਚ ਇਹ ਕਿਤੇ ਵੀ ਨਿਰਧਾਰਿਤ ਨਹੀਂ ਕੀਤਾ ਗਿਆ ਕਿ ਇੱਕ ਨਾਗਰਿਕ ਕਿੰਨੀਆਂ ਆਰ.ਟੀ.ਆਈ. ਅਰਜ਼ੀਆਂ ਦਾਇਰ ਕਰ ਸਕਦਾ ਹੈ। ਉੱਤਰਦਾਤਾ ਵੱਲੋਂ ਦਿੱਤੀ ਗਈ ਇਹ ਦਲੀਲ ਵੀ ਉਚਿੱਤ ਨਹੀਂ ਹੈ ਕਿ ਉਨ੍ਹਾਂ ਦਾ ਕਾਲਿਜ ਸਰਕਾਰੀ ਵਿੱਤੀ ਸਹਾਇਤਾ ਪ੍ਰਾਪਤ ਸੰਸਥਾ ਨਹੀਂ ਹੈ ਕਿਉਂਕਿ ਉਨ੍ਹਾਂ ਵੱਲੋਂ ਆਪਣੇ ਜਵਾਬ ਵਿੱਚ ਖੁਦ ਮੰਨਿਆ ਗਿਆ ਹੈ ਕਿ ਉਹ ਸਰਕਾਰ ਤੋਂ ਗਰਾਂਟ ਪ੍ਰਾਪਤ ਕਰ ਰਹੇ ਹਨ। ਅਪੀਲਕਰਤਾ ਵਲੋਂ ਆਪਣੀ ਆਰ.ਟੀ.ਆਈ., ਮਿਤੀ 09-09-2017 ਰਾਹੀਂ ਕਾਲਿਜ ਮੈਨੇਜਮੈਂਟ ਵੱਲੋਂ ਸਾਰੇ ਸਟਾਫ ਮੈਂਬਰਾਂ ਦੇ ਕੱਟੇ ਜਾ ਰਹੇ ਜੀ.ਪੀ. ਫੰਡ ਨਾਲ ਸਬੰਧਤ ਸੂਚਨਾ ਮੰਗੀ ਗਈ ਹੈ। ਅਪੀਲਕਰਤਾ ਵੱਲੋ ਮੰਗੀ ਗਈ ਸੂਚਨਾ ਉਸ ਨੂੰ ਆਪਣੇ ਨਿੱਜੀ ਮੰਤਵ ਲਈ ਲੋੜੀਂਦੀ ਹੈ ਜਿਸ ਕਰਕੇ ਉੱਤਰਦਾਤਾ ਨੂੰ ਇਹ ਸੂਚਨਾ ਅਪੀਲਕਰਤਾ ਨੂੰ ਮੁਹੱਈਆ ਕਰਾਉਣ ਵਿੱਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ ਸੀ ਪਰੰਤੂ ਉੱਤਰਦਾਤਾ ਨੇ ਵਿਅਰਥ, ਨਿਰਾਧਾਰ ਅਤੇ ਗੁੰਮਰਾਹਕੁੰਨ ਜਵਾਬ ਪੇਸ਼ ਕਰਕੇ ਇਸ ਮਾਮਲੇ ਨੂੰ ਹੋਰ ਲਮਕਾਉਣ/ਉਲਝਾਉਣ ਅਤੇ ਕਮਿਸ਼ਨ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਇਸ ਕੇਸ ਦੇ ਤੱਥਾਂ ਦੀ ਸਹੀ ਤਸਵੀਰ ਪੇਸ਼ ਨਹੀਂ ਕੀਤੀ ਜਾ ਰਹੀ ਹੈ ਜਿਸ ਦਾ ਕਮਿਸ਼ਨ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਕਰਕੇ ਲੋਕ ਸੂਚਨਾ ਅਧਿਕਾਰੀ (ਪ੍ਰਿੰਸੀਪਲ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਕੇਸ ਵਿੱਚ ਪੇਸ਼ੀ ਤੇ ਖੁਦ ਹਾਜ਼ਰ ਹੋ ਕੇ ਕੇਸ ਦੀ ਸਹੀ ਸਥਿਤੀ ਤੋਂ ਕਮਿਸ਼ਨ ਨੂੰ ਜਾਣੂ ਕਰਵਾਇਆ ਜਾਵੇ ਅਤੇ ਕਮਿਸ਼ਨ ਦਾ ਕੀਮਤੀ ਸਮਾਂ ਬੇਵਜ੍ਹਾ ਬਰਬਾਦ ਨਾ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ** 11-12-2018 **ਨੂੰ ਸਵੇਰੇ** 11-30 **ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ,** 20 **ਨਵੰਬਰ,** 2018. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀਮਤੀ ਪੂਨਮ ਗੁਪਤਾ, (98769-29371)
ਵਾਸੀ 10, ਨੇਤਾਜੀ ਪਾਰਕ,
ਨੇੜੇ ਹੋਟਲ ਕਮਲ ਪੈਲੇਸ,
ਜਲੰਧਰ-144001. ..........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪ੍ਰਿੰਸੀਪਲ,
ਕੰਨਿਆ ਮਹਾਂ ਵਿਦਿਆਲਿਆ,
ਜਲੰਧਰ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਪ੍ਰਧਾਨ, ਕੰਨਿਆ ਮਹਾਂ ਵਿਦਿਆਲਿਆ,
ਮੈਨੇਜਿੰਗ ਕਮੇਟੀ, ਜਲੰਧਰ। ........ ਉੱਤਰਦਾਤਾ

**ਅਪੀਲ ਕੇਸ ਨੰ:2316 ਆਫ਼ 2018**

**ਹਾਜ਼ਰ:**

1) ਅਪੀਲਕਰਤਾ ਵਲੋ ਸ੍ਰੀ ਵੈਭਵ ਗੁਪਤਾ, ਐਡਵੋਕੇਟ ਅਤੇ ਸ੍ਰੀ ਚੇਤੰਨਿਆ ਮਹਾਜਨ ਐਡਵੋਕੇਟ (098769-29371) ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਸਮੀਰ ਸਚਦੇਵਾ ਐਡਵੋਕੇਟ (98145-06858)।

**ਹੁਕਮ:-**

ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਅਪੀਲਕਰਤਾ ਵੱਲੋਂ ਹਾਜ਼ਰ ਸ਼੍ਰੀ ਵੈਭਵ ਗੁਪਤਾ, ਐਡਵੋਕੇਟ ਅਤੇ ਸ੍ਰੀ ਚੇਤੰਨਿਆ ਮਹਾਜਨ ਐਡਵੋਕੇਟ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਨੂੰ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਨ੍ਹਾਂ ਵੱਲੋਂ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਗਈ ਹੈ।

2. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਸਮੀਰ ਸਚਦੇਵਾ ਐਡਵੋਕੇਟ ਨੇ ਅਪੀਲ ਕੇਸ ਨੰ:2313/2018 ਵਿੱਚ ਪੇਸ਼ ਕੀਤਾ ਗਿਆ ਆਪਣਾ ਜਵਾਬ ਹੀ ਮੌਜੂਦਾ ਕੇਸ ਵਿੱਚ ਵੀ ਵਿਚਾਰਨ ਵਾਸਤੇ ਕਿਹਾ ਗਿਆ ਪਰੰਤੂ ਉਸ ਵਲੋਂ ਵੱਖਰੇ ਤੌਰ ਤੇ ਜਵਾਬ ਦੀ ਕਾਪੀ ਪੇਸ਼ ਨਹੀਂ ਕੀਤੀ ਗਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਸਮੀਰ ਸਚਦੇਵਾ ਐਡਵੋਕੇਟ ਨੇ ਅਪੀਲ ਕੇਸ ਨੰ:2313 ਆਫ਼ 2018 ਵਿੱਚ ਪੇਸ਼ ਕੀਤੇ ਗਏ ਆਪਣੇ ਲਿਖਤੀ ਜਵਾਬ, ਮਿਤੀ 20-11-2018 ਵਿੱਚ ਕਿਹਾ ਗਿਆ ਹੈ ਮੌਜੂਦਾ ਮਾਮਲੇ ਵਿੱਚ ਅਪੀਲਕਰਤਾ ਵੱਲੋਂ 40 ਆਰ. ਟੀ.ਆਈ. ਅਰਜ਼ੀਆਂ ਦਾਇਰ ਕਰਨਾ ਕਾਨੂੰਨ ਦੀ ਦੁਰਵਰਤੋਂ ਕਰਨਾ ਅਤੇ ਉੱਤਰਦਾਤਾ ਅਧਿਕਾਰੀਆਂ ਨੂੰ ਉਸ ਵਿਰੁੱਧ ਕਾਨੂੰਨ ਮੁਤਾਬਿਕ ਕੀਤੀ ਜਾ ਰਾਹੀ ਕਾਰਵਾਈ ਤੋਂ ਰੋਕਣ ਅਤੇ ਡਰਾਉਣ ਦੀ ਕੋਸ਼ਿਸ਼ ਹੈ। ਉਨ੍ਹਾਂ ਵੱਲੋਂ ਕਿਹਾ ਗਿਆ ਹੈ ਕਿ ਅਪੀਲਕਰਤਾ ਸ਼੍ਰੀਮਤੀ ਪੂਨਮ ਗੁਪਤਾ ਨੂੰ ਮੇਜਰ ਮਿਸ ਕੰਡਕਟ ਲਈ ਮਿਤੀ 07-11-2016 ਨੂੰ ਚਾਰਜਸ਼ੀਟ ਕੀਤਾ ਗਿਆ ਸੀ ਅਤੇ ਵਿਸਥਾਰ-ਪੂਰਵਕ ਪੜਤਾਲ ਉਪਰੰਤ ਉਸ ਨੂੰ ਮੇਜਰ ਮਿਸ ਕੰਡਕਟ ਲਈ ਦੋਸ਼ੀ ਪਾਏ ਜਾਣ ਉਪਰੰਤ ਉਸ ਨੂੰ ਮਿਤੀ 05-06-2018 ਨੂੰ ਸੇਵਾ ਤੋਂ ਡਿਸਮਿਸ ਕਰਨ ਦੀ ਸਖਤ ਸਜ਼ਾ ਦਿੱਤੀ ਗਈ ਸੀ। ਇਸੇ ਕਾਰਨ ਅਪੀਲਕਰਤਾ ਵੱਲੋਂ ਸਾਲ 2016 ਤੋਂ ਅੱਗੇ ਉੱਤਰਦਾਤਾ ਅਧਿਕਾਰੀਆਂ ਨੂੰ ਉਸ ਵਿਰੁੱਧ ਕੀਤੀ ਜਾ ਰਹੀ ਕਾਨੂੰਨੀ ਕਾਰਵਾਈ ਵਿੱਚ ਅੜਚਣ ਪਾਉਣ ਦੇ ਮਕਸਦ ਨਾਲ ਇੱਕ ਤੋਂ ਬਾਅਦ ਦੂਜਾ ਕੇਸ ਦਾਇਰ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਹਾਜ਼ਰ ਉੱਤਰਦਾਤਾ ਵੱਲੋਂ ਆਪਣੇ ਜਵਾਬ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਉਨ੍ਹਾਂ ਦਾ ਕਾਲਿਜ ਇੱਕ ਪ੍ਰਾਈਵੇਟ ਸੰਸਥਾ ਹੈ। ਉਹ

ਚਲਦਾ---ਪੰਨਾ/2

ਕਾਲਿਜ ਦੇ ਕੁੱਲ ਬਜਟ ਵਿੱਚੋਂ ਸਾਰਿਆਂ ਖਰਚਿਆਂ ਦਾ ਕੇਵਲ 10-15% ਹਿੱਸਾ ਸਰਕਾਰੀ ਵਿੱਤੀ ਸਹਾਇਤਾ ਵਜੋਂ ਪ੍ਰਾਪਤ ਕਰਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਕਾਲਿਜ ਨੂੰ ਸਰਕਾਰ ਕੋਲੋਂ ਪ੍ਰਾਪਤ ਸਬਸਟਾਂਸ਼ੀਅਲ (Substantial) ਵਿੱਤੀ ਸਹਾਇਤਾ ਕਾਲਿਜ ਨਹੀਂ ਕਿਹਾ ਜਾ ਸਕਦਾ। ਇਹ ਵੀ ਦੱਸਿਆ ਗਿਆ ਹੈ ਕਿ ਇਸ ਕੇਸ ਨਾਲ ਮਿਲਦੇ-ਜੁਲਦੇ ਕੇਸਾਂ ਵਿੱਚ ਮਾਣਯੋਗ ਹਾਈ ਕੋਰਟ ਵੱਲੋਂ ਕਮਿਸ਼ਨ ਵਿੱਚ ਚਲਦੀ ਕਾਰਵਾਈ ਤੇ ਰੋਕ ਲਗਾਈ ਹੋਈ ਹੈ ਜਿਸ ਦੇ ਫਲਸਰੂਪ ਰਾਜ ਸੂਚਨਾ ਕਮਿਸ਼ਨ ਨੇ ਉਹ ਕੇਸ ਅਣਮਿੱਥੇ ਸਮੇਂ ਲਈ ਮੁਲਤਵੀ ਕੀਤੇ ਹੋਏ ਹਨ। ਇਸ ਲਈ ਉਸ ਵੱਲੋਂ ਕਿਹਾ ਗਿਆ ਹੈ ਕਿ ਮੌਜੂਦਾ ਅਪੀਲ ਕੇਸ ਰੱਦ ਕਰਨ ਯੋਗ ਹੈ।

3. ਉੱਤਰਦਾਤਾ ਵੱਲੋਂ ਪੇਸ਼ ਕੀਤੇ ਗਏ ਜਵਾਬ ਨੂੰ ਕਮਿਸ਼ਨ ਵੱਲੋਂ ਗਹੁ ਨਾਲ ਵਾਚਣ ਤੇ ਇਹ ਪਾਇਆ ਗਿਆ ਹੈ ਕਿ ਉਸ ਦਾ ਜਵਾਬ ਕੇਵਲ ਅਪੀਲਕਰਤਾ ਵਿਰੁੱਧ ਕੀਤੀ ਗਈ ਸ਼ਿਕਾਇਤ ਹੀ ਹੈ ਅਤੇ ਇਸ ਦਾ ਅਪੀਲਕਰਤਾ ਦੀ ਆਰ.ਟੀ.ਆਈ. ਨਾਲ ਉੱਕਾ ਹੀ ਸਬੰਧ ਨਹੀਂ ਹੈ ਕਿਉਂਕਿ ਉੱਤਰਦਾਤਾ ਵੱਲੋਂ ਆਪਣੇ ਜਵਾਬ ਵਿੱਚ ਅਪੀਲਕਰਤਾ ਦੀ ਆਰ.ਟੀ.ਆਈ. ਅਰਜ਼ੀ ਦਾ ਕਿਤੇ ਵੀ ਜ਼ਿਕਰ ਨਹੀਂ ਕੀਤਾ ਗਿਆ ਕਿ ਅਪੀਲਕਰਤਾ ਵੱਲੋਂ ਕਿਹੜੀ ਸੂਚਨਾ ਦੀ ਮੰਗੀ ਕੀਤੀ ਗਈ ਹੈ। ਉੱਤਰਦਾਤਾ ਵੱਲੋ ਇਹ ਕਿਹਾ ਜਾਣਾ ਕਿ ਮੌਜੂਦਾ ਮਾਮਲੇ ਵਿੱਚ ਅਪੀਲਕਰਤਾ ਵੱਲੋਂ 40 ਆਰ. ਟੀ.ਆਈ. ਅਰਜ਼ੀਆਂ ਦਾਇਰ ਕੀਤੀਆਂ ਗਈਆਂ ਹਨ, ਵਾਜਿਬ ਨਹੀਂ ਹੈ ਕਿਉਂਕਿ ਸੂਚਨਾ ਦਾ ਅਧਿਕਾਰ ਐਕਟ, 2005 ਵਿੱਚ ਇਹ ਕਿਤੇ ਵੀ ਨਿਰਧਾਰਿਤ ਨਹੀਂ ਕੀਤਾ ਗਿਆ ਕਿ ਇੱਕ ਨਾਗਰਿਕ ਕਿੰਨੀਆਂ ਆਰ.ਟੀ.ਆਈ. ਅਰਜ਼ੀਆਂ ਦਾਇਰ ਕਰ ਸਕਦਾ ਹੈ। ਉੱਤਰਦਾਤਾ ਵੱਲੋਂ ਦਿੱਤੀ ਗਈ ਇਹ ਦਲੀਲ ਵੀ ਉਚਿੱਤ ਨਹੀਂ ਹੈ ਕਿ ਉਨ੍ਹਾਂ ਦਾ ਕਾਲਿਜ ਸਰਕਾਰੀ ਵਿੱਤੀ ਸਹਾਇਤਾ ਪ੍ਰਾਪਤ ਸੰਸਥਾ ਨਹੀਂ ਹੈ ਕਿਉਂਕਿ ਉਨ੍ਹਾਂ ਵੱਲੋਂ ਆਪਣੇ ਜਵਾਬ ਵਿੱਚ ਖੁਦ ਮੰਨਿਆ ਗਿਆ ਹੈ ਕਿ ਉਹ ਸਰਕਾਰ ਤੋਂ ਗਰਾਂਟ ਪ੍ਰਾਪਤ ਕਰ ਰਹੇ ਹਨ। ਅਪੀਲਕਰਤਾ ਵਲੋਂ ਆਪਣੀ ਆਰ.ਟੀ.ਆਈ., ਮਿਤੀ 09-09-2017 ਰਾਹੀਂ ਕਾਲਿਜ ਵਿੱਚ ਸਹਾਇਤਾ ਪ੍ਰਾਪਤ ਆਸਾਮੀਆਂ (Aided posts) ਵਿਰੁੱਧ ਕੰਮ ਕਰ ਰਹੇ ਫੈਕਲਟੀ ਮੈਂਬਰਾਂ ਤੇ ਲਾਗੂ ਹੁੰਦੇ ਰੂਲਜ਼/ਰੈਗੂਲੇਸ਼ਨਜ਼ ਨਾਲ ਸਬੰਧਤ ਸੂਚਨਾ ਮੰਗੀ ਗਈ ਹੈ। ਅਪੀਲਕਰਤਾ ਵੱਲੋ ਮੰਗੀ ਗਈ ਸੂਚਨਾ ਉਸ ਨੂੰ ਆਪਣੇ ਨਿੱਜੀ ਮੰਤਵ ਲਈ ਲੋੜੀਂਦੀ ਹੈ ਜਿਸ ਕਰਕੇ ਉੱਤਰਦਾਤਾ ਨੂੰ ਇਹ ਸੂਚਨਾ ਅਪੀਲਕਰਤਾ ਨੂੰ ਮੁਹੱਈਆ ਕਰਾਉਣ ਵਿੱਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ ਸੀ ਪਰੰਤੂ ਉੱਤਰਦਾਤਾ ਨੇ ਵਿਅਰਥ, ਨਿਰਾਧਾਰ ਅਤੇ ਗੁੰਮਰਾਹਕੁੰਨ ਜਵਾਬ ਪੇਸ਼ ਕਰਕੇ ਇਸ ਮਾਮਲੇ ਨੂੰ ਹੋਰ ਲਮਕਾਉਣ/ਉਲਝਾਉਣ ਅਤੇ ਕਮਿਸ਼ਨ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਇਸ ਕੇਸ ਦੇ ਤੱਥਾਂ ਦੀ ਸਹੀ ਤਸਵੀਰ ਪੇਸ਼ ਨਹੀਂ ਕੀਤੀ ਜਾ ਰਹੀ ਹੈ ਜਿਸ ਦਾ ਕਮਿਸ਼ਨ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਕਰਕੇ ਲੋਕ ਸੂਚਨਾ ਅਧਿਕਾਰੀ (ਪ੍ਰਿੰਸੀਪਲ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਕੇਸ ਵਿੱਚ ਪੇਸ਼ੀ ਤੇ ਖੁਦ ਹਾਜ਼ਰ ਹੋ ਕੇ ਕੇਸ ਦੀ ਸਹੀ ਸਥਿਤੀ ਤੋਂ ਕਮਿਸ਼ਨ ਨੂੰ ਜਾਣੂ ਕਰਵਾਇਆ ਜਾਵੇ ਅਤੇ ਕਮਿਸ਼ਨ ਦਾ ਕੀਮਤੀ ਸਮਾਂ ਬੇਵਜ੍ਹਾ ਬਰਬਾਦ ਨਾ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 11-12-2018 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ, 20 ਨਵੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀਮਤੀ ਪੂਨਮ ਗੁਪਤਾ, (98769-29371)
ਵਾਸੀ 10, ਨੇਤਾ ਜੀ ਪਾਰਕ,
ਨੇੜੇ ਹੋਟਲ ਕਮਲ ਪੈਲੇਸ,
ਜੰਲਧਰ-144001. ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤ੍ਰ ਪ੍ਰਿੰਸੀਪਲ, ਕੰਨਿਆ ਮਹਾਂ ਵਿਦਿਆਲਿਆ,
ਜੰਲਧਰ।

ਪਹਿਲੀ ਅਪੀਲੀ ਅਥਾਰਟੀ,
ਦਫਤ੍ਰ ਪ੍ਰਧਾਨ, ਕੰਨਿਆ ਮਹਾਂ ਵਿਦਿਆਲਿਆ,
ਮੈਨੇਜਿੰਗ ਕਮੇਟੀ, ਜੰਲਧਰ। ------ਉੱਤਰਦਾਤਾ

**ਅਪੀਲ ਕੇਸ ਨੰ: 2877 ਆਫ 2018**

**ਹਾਜ਼ਰ:**

1) ਅਪੀਲਕਰਤਾ ਵਲੋ ਸ਼੍ਰੀ ਵੈਭਵ ਗੁਪਤਾ, ਐਡਵੋਕੇਟ ਅਤੇ ਸ਼੍ਰੀ ਚੇਤੰਨਿਆ ਮਹਾਜਨ ਐਡਵੋਕੇਟ (098769-29371) ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਸਮੀਰ ਸਚਦੇਵਾ ਐਡਵੋਕੇਟ (98145-06858)।

**ਹੁਕਮ:-**

ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਅਪੀਲਕਰਤਾ ਵੱਲੋਂ ਹਾਜ਼ਰ ਸ਼੍ਰੀ ਵੈਭਵ ਗੁਪਤਾ, ਐਡਵੋਕੇਟ ਅਤੇ ਸ਼੍ਰੀ ਚੇਤੰਨਿਆ ਮਹਾਜਨ ਐਡਵੋਕੇਟ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਨੂੰ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਨ੍ਹਾਂ ਵੱਲੋਂ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਗਈ ਹੈ।

2. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਸਮੀਰ ਸਚਦੇਵਾ ਐਡਵੋਕੇਟ ਨੇ ਅਪੀਲ ਕੇਸ ਨੰ:2313/2018 ਵਿੱਚ ਪੇਸ਼ ਕੀਤਾ ਗਿਆ ਆਪਣਾ ਜਵਾਬ ਹੀ ਮੌਜੂਦਾ ਕੇਸ ਵਿੱਚ ਵੀ ਵਿਚਾਰਨ ਵਾਸਤੇ ਕਿਹਾ ਗਿਆ ਪਰੰਤੂ ਉਸ ਵਲੋਂ ਵੱਖਰੇ ਤੌਰ ਤੇ ਜਵਾਬ ਦੀ ਕਾਪੀ ਪੇਸ਼ ਨਹੀਂ ਕੀਤੀ ਗਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਸਮੀਰ ਸਚਦੇਵਾ ਐਡਵੋਕੇਟ ਨੇ ਅਪੀਲ ਕੇਸ ਨੰ:2313 ਆਫ਼ 2018 ਵਿੱਚ ਪੇਸ਼ ਕੀਤੇ ਗਏ ਆਪਣੇ ਲਿਖਤੀ ਜਵਾਬ, ਮਿਤੀ 20-11-2018 ਵਿੱਚ ਕਿਹਾ ਗਿਆ ਹੈ ਮੌਜੂਦਾ ਮਾਮਲੇ ਵਿੱਚ ਅਪੀਲਕਰਤਾ ਵੱਲੋਂ 40 ਆਰ. ਟੀ.ਆਈ. ਅਰਜ਼ੀਆਂ ਦਾਇਰ ਕਰਨਾ ਕਾਨੂੰਨ ਦੀ ਦੁਰਵਰਤੋਂ ਕਰਨਾ ਅਤੇ ਉੱਤਰਦਾਤਾ ਅਧਿਕਾਰੀਆਂ ਨੂੰ ਉਸ ਵਿਰੁੱਧ ਕਾਨੂੰਨ ਮੁਤਾਬਿਕ ਕੀਤੀ ਜਾ ਰਾਹੀ ਕਾਰਵਾਈ ਤੋਂ ਰੋਕਣ ਅਤੇ ਡਰਾਉਣ ਦੀ ਕੋਸ਼ਿਸ਼ ਹੈ। ਉਨ੍ਹਾਂ ਵੱਲੋਂ ਕਿਹਾ ਗਿਆ ਹੈ ਕਿ ਅਪੀਲਕਰਤਾ ਸ਼੍ਰੀਮਤੀ ਪੂਨਮ ਗੁਪਤਾ ਨੂੰ ਮੇਜਰ ਮਿਸ ਕੰਡਕਟ ਲਈ ਮਿਤੀ 07-11-2016 ਨੂੰ ਚਾਰਜਸ਼ੀਟ ਕੀਤਾ ਗਿਆ ਸੀ ਅਤੇ ਵਿਸਥਾਰ-ਪੂਰਵਕ ਪੜਤਾਲ ਉਪਰੰਤ ਉਸ ਨੂੰ ਮੇਜਰ ਮਿਸ ਕੰਡਕਟ ਲਈ ਦੋਸ਼ੀ ਪਾਏ ਜਾਣ ਉਪਰੰਤ ਉਸ ਨੂੰ ਮਿਤੀ 05-06-2018 ਨੂੰ ਸੇਵਾ ਤੋਂ ਡਿਸਮਿਸ ਕਰਨ ਦੀ ਸਖਤ ਸਜ਼ਾ ਦਿੱਤੀ ਗਈ ਸੀ। ਇਸੇ ਕਾਰਨ ਅਪੀਲਕਰਤਾ ਵੱਲੋਂ ਸਾਲ 2016 ਤੋਂ ਅੱਗੇ ਉੱਤਰਦਾਤਾ ਅਧਿਕਾਰੀਆਂ ਨੂੰ ਉਸ ਵਿਰੁੱਧ ਕੀਤੀ ਜਾ ਰਹੀ ਕਾਨੂੰਨੀ ਕਾਰਵਾਈ ਵਿੱਚ ਅੜਚਣ ਪਾਉਣ ਦੇ ਮਕਸਦ ਨਾਲ ਇੱਕ ਤੋਂ ਬਾਅਦ ਦੂਜਾ ਕੇਸ ਦਾਇਰ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਹਾਜ਼ਰ ਉੱਤਰਦਾਤਾ ਵੱਲੋਂ ਆਪਣੇ ਜਵਾਬ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਉਨ੍ਹਾਂ ਦਾ ਕਾਲਿਜ ਇੱਕ ਪ੍ਰਾਈਵੇਟ ਸੰਸਥਾ ਹੈ। ਉਹ

ਚਲਦਾ---ਪੰਨਾ/2

**ਅਪੀਲ ਕੇਸ ਨੰ:2877 ਆਫ਼ 2018**

ਕਾਲਿਜ ਦੇ ਕੁੱਲ ਬਜਟ ਵਿੱਚੋਂ ਸਾਰਿਆਂ ਖਰਚਿਆਂ ਦਾ ਕੇਵਲ 10-15% ਹਿੱਸਾ ਸਰਕਾਰੀ ਵਿੱਤੀ ਸਹਾਇਤਾ ਵਜੋਂ ਪ੍ਰਾਪਤ ਕਰਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਕਾਲਿਜ ਨੂੰ ਸਰਕਾਰ ਕੋਲੋਂ ਪ੍ਰਾਪਤ ਸਬਸਟਾਂਸ਼ੀਅਲ (Substantial) ਵਿੱਤੀ ਸਹਾਇਤਾ ਕਾਲਿਜ ਨਹੀਂ ਕਿਹਾ ਜਾ ਸਕਦਾ। ਇਹ ਵੀ ਦੱਸਿਆ ਗਿਆ ਹੈ ਕਿ ਇਸ ਕੇਸ ਨਾਲ ਮਿਲਦੇ-ਜੁਲਦੇ ਕੇਸਾਂ ਵਿੱਚ ਮਾਣਯੋਗ ਹਾਈ ਕੋਰਟ ਵੱਲੋਂ ਕਮਿਸ਼ਨ ਵਿੱਚ ਚਲਦੀ ਕਾਰਵਾਈ ਤੇ ਰੋਕ ਲਗਾਈ ਹੋਈ ਹੈ ਜਿਸ ਦੇ ਫਲਸਰੂਪ ਰਾਜ ਸੂਚਨਾ ਕਮਿਸ਼ਨ ਨੇ ਉਹ ਕੇਸ ਅਣਮਿੱਥੇ ਸਮੇਂ ਲਈ ਮੁਲਤਵੀ ਕੀਤੇ ਹੋਏ ਹਨ। ਇਸ ਲਈ ਉਸ ਵੱਲੋਂ ਕਿਹਾ ਗਿਆ ਹੈ ਕਿ ਮੌਜੂਦਾ ਅਪੀਲ ਕੇਸ ਰੱਦ ਕਰਨ ਯੋਗ ਹੈ।

3. ਉੱਤਰਦਾਤਾ ਵੱਲੋਂ ਪੇਸ਼ ਕੀਤੇ ਗਏ ਜਵਾਬ ਨੂੰ ਕਮਿਸ਼ਨ ਵੱਲੋਂ ਗਹੁ ਨਾਲ ਵਾਚਣ ਤੇ ਇਹ ਪਾਇਆ ਗਿਆ ਹੈ ਕਿ ਉਸ ਦਾ ਜਵਾਬ ਕੇਵਲ ਅਪੀਲਕਰਤਾ ਵਿਰੁੱਧ ਕੀਤੀ ਗਈ ਸ਼ਿਕਾਇਤ ਹੀ ਹੈ ਅਤੇ ਇਸ ਦਾ ਅਪੀਲਕਰਤਾ ਦੀ ਆਰ.ਟੀ.ਆਈ. ਨਾਲ ਉੱਕਾ ਹੀ ਸਬੰਧ ਨਹੀਂ ਹੈ ਕਿਉਂਕਿ ਉੱਤਰਦਾਤਾ ਵੱਲੋਂ ਆਪਣੇ ਜਵਾਬ ਵਿੱਚ ਅਪੀਲਕਰਤਾ ਦੀ ਆਰ.ਟੀ.ਆਈ. ਅਰਜ਼ੀ ਦਾ ਕਿਤੇ ਵੀ ਜ਼ਿਕਰ ਨਹੀਂ ਕੀਤਾ ਗਿਆ ਕਿ ਅਪੀਲਕਰਤਾ ਵੱਲੋਂ ਕਿਹੜੀ ਸੂਚਨਾ ਦੀ ਮੰਗੀ ਕੀਤੀ ਗਈ ਹੈ। ਉੱਤਰਦਾਤਾ ਵੱਲੋ ਇਹ ਕਿਹਾ ਜਾਣਾ ਕਿ ਮੌਜੂਦਾ ਮਾਮਲੇ ਵਿੱਚ ਅਪੀਲਕਰਤਾ ਵੱਲੋਂ 40 ਆਰ. ਟੀ.ਆਈ. ਅਰਜ਼ੀਆਂ ਦਾਇਰ ਕੀਤੀਆਂ ਗਈਆਂ ਹਨ, ਵਾਜਿਬ ਨਹੀਂ ਹੈ ਕਿਉਂਕਿ ਸੂਚਨਾ ਦਾ ਅਧਿਕਾਰ ਐਕਟ, 2005 ਵਿੱਚ ਇਹ ਕਿਤੇ ਵੀ ਨਿਰਧਾਰਿਤ ਨਹੀਂ ਕੀਤਾ ਗਿਆ ਕਿ ਇੱਕ ਨਾਗਰਿਕ ਕਿੰਨੀਆਂ ਆਰ.ਟੀ.ਆਈ. ਅਰਜ਼ੀਆਂ ਦਾਇਰ ਕਰ ਸਕਦਾ ਹੈ। ਉੱਤਰਦਾਤਾ ਵੱਲੋਂ ਦਿੱਤੀ ਗਈ ਇਹ ਦਲੀਲ ਵੀ ਉਚਿੱਤ ਨਹੀਂ ਹੈ ਕਿ ਉਨ੍ਹਾਂ ਦਾ ਕਾਲਿਜ ਸਰਕਾਰੀ ਵਿੱਤੀ ਸਹਾਇਤਾ ਪ੍ਰਾਪਤ ਸੰਸਥਾ ਨਹੀਂ ਹੈ ਕਿਉਂਕਿ ਉਨ੍ਹਾਂ ਵੱਲੋਂ ਆਪਣੇ ਜਵਾਬ ਵਿੱਚ ਖੁਦ ਮੰਨਿਆ ਗਿਆ ਹੈ ਕਿ ਉਹ ਸਰਕਾਰ ਤੋਂ ਗਰਾਂਟ ਪ੍ਰਾਪਤ ਕਰ ਰਹੇ ਹਨ। ਅਪੀਲਕਰਤਾ ਵਲੋਂ ਆਪਣੀ ਆਰ.ਟੀ.ਆਈ., ਮਿਤੀ 09-09-2017 ਰਾਹੀਂ ਕਾਲਿਜ ਵਿੱਚ ਗੈਰ-ਸਹਾਇਤਾ ਪ੍ਰਾਪਤ ਆਸਾਮੀਆਂ (Un-aided posts) ਵਿਰੁੱਧ ਕੰਮ ਕਰ ਰਹੇ ਫੈਕਲਟੀ ਮੈਂਬਰਾਂ ਤੇ ਲਾਗੂ ਹੁੰਦੇ ਰੂਲਜ਼/ਰੈਗੂਲੇਸ਼ਨਜ਼ ਨਾਲ ਸਬੰਧਤ ਸੂਚਨਾ ਮੰਗੀ ਗਈ ਹੈ। ਅਪੀਲਕਰਤਾ ਵੱਲੋ ਮੰਗੀ ਗਈ ਸੂਚਨਾ ਉਸ ਨੂੰ ਆਪਣੇ ਨਿੱਜੀ ਮੰਤਵ ਲਈ ਲੋੜੀਂਦੀ ਹੈ ਜਿਸ ਕਰਕੇ ਉੱਤਰਦਾਤਾ ਨੂੰ ਇਹ ਸੂਚਨਾ ਅਪੀਲਕਰਤਾ ਨੂੰ ਮੁਹੱਈਆ ਕਰਾਉਣ ਵਿੱਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ ਸੀ ਪਰੰਤੂ ਉੱਤਰਦਾਤਾ ਨੇ ਵਿਅਰਥ, ਨਿਰਾਧਾਰ ਅਤੇ ਗੁੰਮਰਾਹਕੁੰਨ ਜਵਾਬ ਪੇਸ਼ ਕਰਕੇ ਇਸ ਮਾਮਲੇ ਨੂੰ ਹੋਰ ਲਮਕਾਉਣ/ਉਲਝਾਉਣ ਅਤੇ ਕਮਿਸ਼ਨ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਇਸ ਕੇਸ ਦੇ ਤੱਥਾਂ ਦੀ ਸਹੀ ਤਸਵੀਰ ਪੇਸ਼ ਨਹੀਂ ਕੀਤੀ ਜਾ ਰਹੀ ਹੈ ਜਿਸ ਦਾ ਕਮਿਸ਼ਨ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਕਰਕੇ ਲੋਕ ਸੂਚਨਾ ਅਧਿਕਾਰੀ (ਪ੍ਰਿੰਸੀਪਲ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਕੇਸ ਵਿੱਚ ਪੇਸ਼ੀ ਤੇ ਖੁਦ ਹਾਜ਼ਰ ਹੋ ਕੇ ਕੇਸ ਦੀ ਸਹੀ ਸਥਿਤੀ ਤੋਂ ਕਮਿਸ਼ਨ ਨੂੰ ਜਾਣੂ ਕਰਵਾਇਆ ਜਾਵੇ ਅਤੇ ਕਮਿਸ਼ਨ ਦਾ ਕੀਮਤੀ ਸਮਾਂ ਬੇਵਜ੍ਹਾ ਬਰਬਾਦ ਨਾ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 11-12-2018 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 20 ਨਵੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਸ਼ਾਹਿਦ ਅਖਤਰ, (98769-229371)
ਵਾਸੀ ਤੀਜੀ ਮੰਜ਼ਿਲ,
ਏ-323, ਡਿਫੈਂਸ ਕਲੌਨੀ,
ਨਵੀਂ ਦਿੱਲੀ। ..........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪ੍ਰਿੰਸੀਪਲ,
ਕੰਨਿਆ ਮਹਾਂ ਵਿਦਿਆਲਿਆ,
ਜਲੰਧਰ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਪ੍ਰਧਾਨ, ਕੰਨਿਆ ਮਹਾਂ ਵਿਦਿਆਲਿਆ,
ਮੈਨੇਜਿੰਗ ਕਮੇਟੀ, ਜਲੰਧਰ। ........ ਉੱਤਰਦਾਤਾ

**ਅਪੀਲ ਕੇਸ ਨੰ:2317 ਆਫ਼ 2018**

**ਹਾਜ਼ਰ:**

1) ਅਪੀਲਕਰਤਾ ਵਲੋ ਸ਼੍ਰੀ ਵੈਭਵ ਗੁਪਤਾ, ਐਡਵੋਕੇਟ (098769-29371) ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਸਮੀਰ ਸਚਦੇਵਾ ਐਡਵੋਕੇਟ (98145-06858)।

**ਹੁਕਮ:-**

ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਅਪੀਲਕਰਤਾ ਵੱਲੋਂ ਹਾਜ਼ਰ ਸ਼੍ਰੀ ਵੈਭਵ ਗੁਪਤਾ, ਐਡਵੋਕੇਟ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਨੂੰ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਨ੍ਹਾਂ ਵੱਲੋਂ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਗਈ ਹੈ।

2. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਸਮੀਰ ਸਚਦੇਵਾ ਐਡਵੋਕੇਟ ਨੇ ਅਪੀਲ ਕੇਸ ਨੰ:2313/2018 ਵਿੱਚ ਪੇਸ਼ ਕੀਤਾ ਗਿਆ ਆਪਣਾ ਜਵਾਬ ਹੀ ਮੌਜਦਾ ਕੇਸ ਵਿੱਚ ਵੀ ਅਡਾਪਟ ਕਰਕੇ ਵਿਚਾਰਨ ਵਾਸਤੇ ਬੇਨਤੀ ਕੀਤੀ ਗਈ ਪਰੰਤੂ ਉਸ ਨੂੰ ਆਗਿਆ ਨਹੀਂ ਦਿੱਤੀ ਗਈ ਅਤੇ ਵੱਖਰਾ ਜਵਾਬ ਪੇਸ਼ ਕਰਨ ਲਈ ਕਿਹਾ ਗਿਆ। ਹਾਜ਼ਰ ਉੱਤਰਦਾਤਾ ਵੱਲੋਂ ਅਥਾਰਟੀ ਵੀ ਪੇਸ਼ ਨਹੀਂ ਕੀਤੀ ਗਈ। ਹਾਜ਼ਰ ਉੱਤਰਦਾਤਾ ਨੇ ਵੱਖਰਾ ਜਵਾਬ ਪੇਸ਼ ਕਰਨ ਲਈ ਸਮੇਂ ਦੀ ਮੰਗ ਕੀਤੀ ਹੈ। ਪਿਛਲੀ ਪੇਸ਼ੀ ਮਿਤੀ 08-10-2018 ਤੇ ਵੀ ਹਾਜ਼ਰ ਉੱਤਰਦਾਤਾ ਵੱਲੋਂ ਸਮੇਂ ਦੀ ਮੰਗ ਕੀਤੀ ਗਈ ਸੀ ਅਤੇ ਕਮਿਸ਼ਨ ਨੂੰ ਇਸ ਕੇਸ ਦੇ ਤੱਥਾਂ ਦੀ ਸਹੀ ਤਸਵੀਰ ਪੇਸ਼ ਨਹੀਂ ਕੀਤੀ ਜਾ ਰਹੀ ਹੈ ਜਿਸ ਦਾ ਕਮਿਸ਼ਨ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਕਰਕੇ ਲੋਕ ਸੂਚਨਾ ਅਧਿਕਾਰੀ (ਪ੍ਰਿੰਸੀਪਲ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਕੇਸ ਵਿੱਚ ਵੱਖਰਾ ਜਵਾਬ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਪੇਸ਼ ਕੀਤਾ ਜਾਵੇ ਅਤੇ ਪੇਸ਼ੀ ਤੇ ਖੁਦ ਹਾਜ਼ਰ ਹੋ ਕੇ ਕੇਸ ਦੀ ਸਹੀ ਸਥਿਤੀ ਤੋਂ ਕਮਿਸ਼ਨ ਨੂੰ ਜਾਣੂ ਕਰਵਾਇਆ ਜਾਵੇ ਅਤੇ ਕਮਿਸ਼ਨ ਦਾ ਕੀਮਤੀ ਸਮਾਂ ਬੇਵਜ੍ਹਾ ਬਰਬਾਦ ਨਾ ਕੀਤਾ ਜਾਵੇ।

3. ਕਮਿਸ਼ਨ ਵੱਲੋ ਦਫ਼ਤਰੀ ਰਿਕਾਰਡ ਨੂੰ ਘੋਖਣ ਤੇ ਇਹ ਵੀ ਪਾਇਆ ਗਿਆ ਹੈ ਕਿ ਅਪੀਲਕਰਤਾ ਵੱਲੋਂ ਮਿਤੀ 09-09-2017 ਨੂੰ ਆਰ.ਟੀ.ਆਈ. ਅਰਜ਼ੀ ਦਾਇਰ ਕੀਤੀ ਗਈ ਸੀ ਪਰੰਤੂ ਅਜੇ ਤੱਕ ਉੱਤਰਦਾਤਾ ਵੱਲੋ ਉਸ ਨੂੰ ਨਾ ਤਾਂ ਸੂਚਨਾ ਹੀ ਮੁਹੱਈਆ ਕਰਵਾਈ ਗਈ ਹੈ ਅਤੇ ਨਾ ਹੀ ਕੋਈ ਤਸੱਲੀਬਖਸ਼ ਜਵਾਬ ਹੀ ਕਮਿਸ਼ਨ ਨੂੰ ਪੇਸ਼ ਕੀਤਾ ਗਿਆ ਹੈ ਜਦੋਂ ਕਿ ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਮੁਤਾਬਿਕ

ਚਲਦਾ---ਪੰਨਾ/2

ਅਪੀਲਕਰਤਾ ਨੂੰ 30 ਦਿਨਾਂ ਤੇ ਅੰਦਰ-ਅੰਦਰ ਸੂਚਨਾ ਦੇਣੀ ਬਣਦੀ ਸੀ। ਇਸ ਤਰ੍ਹਾਂ ਕਰਕੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸੂਚਨਾ ਦਾ ਅਧਿਕਾਰ ਐਕਟ, 2005 ਦੀ ਘੋਰ ਉਲੰਘਣਾ ਕੀਤੀ ਗਈ ਹੈ, ਜਿਸ ਤੇ ਫਲਸਰੂਪ ਅਪੀਲਕਰਤਾ ਨੂੰ ਮਾਨਸਿਕ ਅਤੇ ਆਰਥਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਸੂਚਨਾ ਦਾ ਅਧਿਕਾਰ ਐਕਟ, 2005 ਦੀ ਧਾਰਾ 19(8)(ਅ) ਤਹਿਤ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਮੁਆਵਜ਼ੇ ਵਜੋਂ 1000/-ਰੁਪਏ (ਕੇਵਲ ਇੱਕ ਹਜ਼ਾਰ ਰੁਪਏ) ਦੀ ਰਾਸ਼ੀ ਦੀ ਅਪੀਲਕਰਤਾ ਨੂੰ ਬੈਂਕ ਡਰਾਫ਼ਟ ਰਾਹੀਂ ਅਦਾਇਗੀ ਕਰਕੇ ਸਬੂਤ ਵਜੋਂ ਰਸੀਦ ਪੇਸ਼ੀ ਦੀ ਅਗਲੀ ਮਿਤੀ ਤੇ ਕਮਿਸ਼ਨ ਨੂੰ ਪੇਸ਼ ਕੀਤੀ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ** 07-01-2019 **ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 20 ਨਵੰਬਰ, 2018.** ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਸ਼ਾਹਿਦ ਅਖਤਰ, (98769-229371)
ਵਾਸੀ ਤੀਜੀ ਮੰਜ਼ਿਲ,
ਏ-323, ਡਿਫੈਂਸ ਕਲੌਨੀ,
ਨਵੀਂ ਦਿੱਲੀ। ..........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪ੍ਰਿੰਸੀਪਲ,
ਕੰਨਿਆ ਮਹਾਂ ਵਿਦਿਆਲਿਆ,
ਜਲੰਧਰ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਪ੍ਰਧਾਨ, ਕੰਨਿਆ ਮਹਾਂ ਵਿਦਿਆਲਿਆ,
ਮੈਨੇਜਿੰਗ ਕਮੇਟੀ, ਜਲੰਧਰ। ........ ਉੱਤਰਦਾਤਾ

**ਅਪੀਲ ਕੇਸ ਨੰ:2318 ਆਫ਼ 2018**

**ਹਾਜ਼ਰ:**

1) ਅਪੀਲਕਰਤਾ ਵਲੋ ਸ਼੍ਰੀ ਵੈਭਵ ਗੁਪਤਾ, ਐਡਵੋਕੇਟ (098769-29371) ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਸਮੀਰ ਸਚਦੇਵਾ ਐਡਵੋਕੇਟ (98145-06858)।

**ਹੁਕਮ:-**

ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਅਪੀਲਕਰਤਾ ਵੱਲੋਂ ਹਾਜ਼ਰ ਸ਼੍ਰੀ ਵੈਭਵ ਗੁਪਤਾ, ਐਡਵੋਕੇਟ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਨੂੰ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਨ੍ਹਾਂ ਵੱਲੋਂ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਗਈ ਹੈ।

2. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਸਮੀਰ ਸਚਦੇਵਾ ਐਡਵੋਕੇਟ ਨੇ ਅਪੀਲ ਕੇਸ ਨੰ:2313/2018 ਵਿੱਚ ਪੇਸ਼ ਕੀਤਾ ਗਿਆ ਆਪਣਾ ਜਵਾਬ ਹੀ ਮੌਜਦਾ ਕੇਸ ਵਿੱਚ ਵੀ ਅਡਾਪਟ ਕਰਕੇ ਵਿਚਾਰਨ ਵਾਸਤੇ ਬੇਨਤੀ ਕੀਤੀ ਗਈ ਪਰੰਤੂ ਉਸ ਨੂੰ ਆਗਿਆ ਨਹੀਂ ਦਿੱਤੀ ਗਈ ਅਤੇ ਵੱਖਰਾ ਜਵਾਬ ਪੇਸ਼ ਕਰਨ ਲਈ ਕਿਹਾ ਗਿਆ। ਹਾਜ਼ਰ ਉੱਤਰਦਾਤਾ ਵੱਲੋਂ ਅਥਾਰਟੀ ਵੀ ਪੇਸ਼ ਨਹੀਂ ਕੀਤੀ ਗਈ। ਹਾਜ਼ਰ ਉੱਤਰਦਾਤਾ ਨੇ ਵੱਖਰਾ ਜਵਾਬ ਪੇਸ਼ ਕਰਨ ਲਈ ਸਮੇਂ ਦੀ ਮੰਗ ਕੀਤੀ ਹੈ। ਪਿਛਲੀ ਪੇਸ਼ੀ ਮਿਤੀ 08-10-2018 ਤੇ ਵੀ ਹਾਜ਼ਰ ਉੱਤਰਦਾਤਾ ਵੱਲੋਂ ਸਮੇਂ ਦੀ ਮੰਗ ਕੀਤੀ ਗਈ ਸੀ ਅਤੇ ਕਮਿਸ਼ਨ ਨੂੰ ਇਸ ਕੇਸ ਦੇ ਤੱਥਾਂ ਦੀ ਸਹੀ ਤਸਵੀਰ ਪੇਸ਼ ਨਹੀਂ ਕੀਤੀ ਜਾ ਰਹੀ ਹੈ ਜਿਸ ਦਾ ਕਮਿਸ਼ਨ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਕਰਕੇ ਲੋਕ ਸੂਚਨਾ ਅਧਿਕਾਰੀ (ਪ੍ਰਿੰਸੀਪਲ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਕੇਸ ਵਿੱਚ ਵੱਖਰਾ ਜਵਾਬ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਪੇਸ਼ ਕੀਤਾ ਜਾਵੇ ਅਤੇ ਪੇਸ਼ੀ ਤੇ ਖੁਦ ਹਾਜ਼ਰ ਹੋ ਕੇ ਕੇਸ ਦੀ ਸਹੀ ਸਥਿਤੀ ਤੋਂ ਕਮਿਸ਼ਨ ਨੂੰ ਜਾਣੂ ਕਰਵਾਇਆ ਜਾਵੇ ਅਤੇ ਕਮਿਸ਼ਨ ਦਾ ਕੀਮਤੀ ਸਮਾਂ ਬੇਵਜ੍ਹਾ ਬਰਬਾਦ ਨਾ ਕੀਤਾ ਜਾਵੇ।

3. ਕਮਿਸ਼ਨ ਵੱਲੋ ਦਫ਼ਤਰੀ ਰਿਕਾਰਡ ਨੂੰ ਘੋਖਣ ਤੇ ਇਹ ਵੀ ਪਾਇਆ ਗਿਆ ਹੈ ਕਿ ਅਪੀਲਕਰਤਾ ਵੱਲੋਂ ਮਿਤੀ 10-09-2017 ਨੂੰ ਆਰ.ਟੀ.ਆਈ. ਅਰਜ਼ੀ ਦਾਇਰ ਕੀਤੀ ਗਈ ਸੀ ਪਰੰਤੂ ਅਜੇ ਤੱਕ ਉੱਤਰਦਾਤਾ ਵੱਲੋ ਉਸ ਨੂੰ ਨਾ ਤਾਂ ਸੂਚਨਾ ਹੀ ਮੁਹੱਈਆ ਕਰਵਾਈ ਗਈ ਹੈ ਅਤੇ ਨਾ ਹੀ ਕੋਈ ਤਸੱਲੀਬਖਸ਼ ਜਵਾਬ ਹੀ

ਚਲਦਾ---ਪੰਨਾ/2

ਕਮਿਸ਼ਨ ਨੂੰ ਪੇਸ਼ ਕੀਤਾ ਗਿਆ ਹੈ ਜਦੋਂ ਕਿ ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਮੁਤਾਬਿਕ ਅਪੀਲਕਰਤਾ ਨੂੰ 30 ਦਿਨਾਂ ਤੇ ਅੰਦਰ-ਅੰਦਰ ਸੂਚਨਾ ਦੇਣੀ ਬਣਦੀ ਸੀ। ਇਸ ਤਰ੍ਹਾਂ ਕਰਕੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸੂਚਨਾ ਦਾ ਅਧਿਕਾਰ ਐਕਟ, 2005 ਦੀ ਘੋਰ ਉਲੰਘਣਾ ਕੀਤੀ ਗਈ ਹੈ, ਜਿਸ ਤੇ ਫਲਸਰੂਪ ਅਪੀਲਕਰਤਾ ਨੂੰ ਮਾਨਸਿਕ ਅਤੇ ਆਰਥਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਸੂਚਨਾ ਦਾ ਅਧਿਕਾਰ ਐਕਟ, 2005 ਦੀ ਧਾਰਾ 19(8)(ਅ) ਤਹਿਤ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਮੁਆਵਜ਼ੇ ਵਜੋਂ 1000/-ਰੁਪਏ (ਕੇਵਲ ਇੱਕ ਹਜ਼ਾਰ ਰੁਪਏ) ਦੀ ਰਾਸ਼ੀ ਦੀ ਅਪੀਲਕਰਤਾ ਨੂੰ ਬੈਂਕ ਡਰਾਫ਼ਟ ਰਾਹੀਂ ਅਦਾਇਗੀ ਕਰਕੇ ਸਬੂਤ ਵਜੋਂ ਰਸੀਦ ਪੇਸ਼ੀ ਦੀ ਅਗਲੀ ਮਿਤੀ ਤੇ ਕਮਿਸ਼ਨ ਨੂੰ ਪੇਸ਼ ਕੀਤੀ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 07-01-2019 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਮਿਤੀ: ਚੰਡੀਗੜ੍ਹ, 20 ਨਵੰਬਰ, 2018.

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ੍ਰੀ ਸ਼ਾਹਿਦ ਅਖਤਰ, (98769-229371)
ਵਾਸੀ ਤੀਜੀ ਮੰਜ਼ਿਲ,
ਏ-323, ਡਿਫੈਂਸ ਕਲੌਨੀ,
ਨਵੀਂ ਦਿੱਲੀ। ..........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪ੍ਰਿੰਸੀਪਲ,
ਕੰਨਿਆ ਮਹਾਂ ਵਿਦਿਆਲਿਆ,
ਜਲੰਧਰ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਪ੍ਰਧਾਨ, ਕੰਨਿਆ ਮਹਾਂ ਵਿਦਿਆਲਿਆ,
ਮੈਨੇਜਿੰਗ ਕਮੇਟੀ, ਜਲੰਧਰ। ........ ਉੱਤਰਦਾਤਾ

**ਅਪੀਲ ਕੇਸ ਨੰ:2319 ਆਫ਼ 2018**

**ਹਾਜ਼ਰ:**

1) ਅਪੀਲਕਰਤਾ ਵਲੋ ਸ਼੍ਰੀ ਵੈਭਵ ਗੁਪਤਾ, ਐਡਵੋਕੇਟ (098769-29371) ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਸਮੀਰ ਸਚਦੇਵਾ ਐਡਵੋਕੇਟ (98145-06858)।

**ਹੁਕਮ:-**

ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਅਪੀਲਕਰਤਾ ਵੱਲੋਂ ਹਾਜ਼ਰ ਸ਼੍ਰੀ ਵੈਭਵ ਗੁਪਤਾ, ਐਡਵੋਕੇਟ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਨੂੰ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਨ੍ਹਾਂ ਵੱਲੋਂ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਗਈ ਹੈ।

2. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਸਮੀਰ ਸਚਦੇਵਾ ਐਡਵੋਕੇਟ ਨੇ ਅਪੀਲ ਕੇਸ ਨੰ:2313/2018 ਵਿੱਚ ਪੇਸ਼ ਕੀਤਾ ਗਿਆ ਆਪਣਾ ਜਵਾਬ ਹੀ ਮੌਜਦਾ ਕੇਸ ਵਿੱਚ ਵੀ ਅਡਾਪਟ ਕਰਕੇ ਵਿਚਾਰਨ ਵਾਸਤੇ ਬੇਨਤੀ ਕੀਤੀ ਗਈ ਪਰੰਤੂ ਉਸ ਨੂੰ ਆਗਿਆ ਨਹੀਂ ਦਿੱਤੀ ਗਈ ਅਤੇ ਵੱਖਰਾ ਜਵਾਬ ਪੇਸ਼ ਕਰਨ ਲਈ ਕਿਹਾ ਗਿਆ। ਹਾਜ਼ਰ ਉੱਤਰਦਾਤਾ ਵੱਲੋਂ ਅਥਾਰਟੀ ਵੀ ਪੇਸ਼ ਨਹੀਂ ਕੀਤੀ ਗਈ। ਹਾਜ਼ਰ ਉੱਤਰਦਾਤਾ ਨੇ ਵੱਖਰਾ ਜਵਾਬ ਪੇਸ਼ ਕਰਨ ਲਈ ਸਮੇਂ ਦੀ ਮੰਗ ਕੀਤੀ ਹੈ। ਪਿਛਲੀ ਪੇਸ਼ੀ ਮਿਤੀ 08-10-2018 ਤੇ ਵੀ ਹਾਜ਼ਰ ਉੱਤਰਦਾਤਾ ਵੱਲੋਂ ਸਮੇਂ ਦੀ ਮੰਗ ਕੀਤੀ ਗਈ ਸੀ ਅਤੇ ਕਮਿਸ਼ਨ ਨੂੰ ਇਸ ਕੇਸ ਦੇ ਤੱਥਾਂ ਦੀ ਸਹੀ ਤਸਵੀਰ ਪੇਸ਼ ਨਹੀਂ ਕੀਤੀ ਜਾ ਰਹੀ ਹੈ ਜਿਸ ਦਾ ਕਮਿਸ਼ਨ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਕਰਕੇ ਲੋਕ ਸੂਚਨਾ ਅਧਿਕਾਰੀ (ਪ੍ਰਿੰਸੀਪਲ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਕੇਸ ਵਿੱਚ ਵੱਖਰਾ ਜਵਾਬ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਪੇਸ਼ ਕੀਤਾ ਜਾਵੇ ਅਤੇ ਪੇਸ਼ੀ ਤੇ ਖੁਦ ਹਾਜ਼ਰ ਹੋ ਕੇ ਕੇਸ ਦੀ ਸਹੀ ਸਥਿਤੀ ਤੋਂ ਕਮਿਸ਼ਨ ਨੂੰ ਜਾਣੂ ਕਰਵਾਇਆ ਜਾਵੇ ਅਤੇ ਕਮਿਸ਼ਨ ਦਾ ਕੀਮਤੀ ਸਮਾਂ ਬੇਵਜ੍ਹਾ ਬਰਬਾਦ ਨਾ ਕੀਤਾ ਜਾਵੇ।

3 ਕਮਿਸ਼ਨ ਵੱਲੋ ਦਫ਼ਤਰੀ ਰਿਕਾਰਡ ਨੂੰ ਘੋਖਣ ਤੇ ਇਹ ਵੀ ਪਾਇਆ ਗਿਆ ਹੈ ਕਿ ਅਪੀਲਕਰਤਾ ਵੱਲੋਂ ਮਿਤੀ 09-10-2017 ਨੂੰ ਆਰ.ਟੀ.ਆਈ. ਅਰਜ਼ੀ ਦਾਇਰ ਕੀਤੀ ਗਈ ਸੀ ਪਰੰਤੂ ਅਜੇ ਤੱਕ ਉੱਤਰਦਾਤਾ ਵੱਲੋ ਉਸ ਨੂੰ ਨਾ ਤਾਂ ਸੂਚਨਾ ਹੀ ਮੁਹੱਈਆ ਕਰਵਾਈ ਗਈ ਹੈ ਅਤੇ ਨਾ ਹੀ ਕੋਈ ਤਸੱਲੀਬਖਸ਼ ਜਵਾਬ ਹੀ

ਚਲਦਾ---ਪੰਨਾ/2

**ਅਪੀਲ ਕੇਸ ਨੰ:2319 ਆਫ਼ 2018**

ਕਮਿਸ਼ਨ ਨੂੰ ਪੇਸ਼ ਕੀਤਾ ਗਿਆ ਹੈ ਜਦੋਂ ਕਿ ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਮੁਤਾਬਿਕ ਅਪੀਲਕਰਤਾ ਨੂੰ 30 ਦਿਨਾਂ ਤੇ ਅੰਦਰ-ਅੰਦਰ ਸੂਚਨਾ ਦੇਣੀ ਬਣਦੀ ਸੀ। ਇਸ ਤਰ੍ਹਾਂ ਕਰਕੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸੂਚਨਾ ਦਾ ਅਧਿਕਾਰ ਐਕਟ, 2005 ਦੀ ਘੋਰ ਉਲੰਘਣਾ ਕੀਤੀ ਗਈ ਹੈ, ਜਿਸ ਤੇ ਫਲਸਰੂਪ ਅਪੀਲਕਰਤਾ ਨੂੰ ਮਾਨਸਿਕ ਅਤੇ ਆਰਥਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਸੂਚਨਾ ਦਾ ਅਧਿਕਾਰ ਐਕਟ, 2005 ਦੀ ਧਾਰਾ 19(8)(ਅ) ਤਹਿਤ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਮੁਆਵਜ਼ੇ ਵਜੋਂ 1000/-ਰੁਪਏ (ਕੇਵਲ ਇੱਕ ਹਜ਼ਾਰ ਰੁਪਏ) ਦੀ ਰਾਸ਼ੀ ਦੀ ਅਪੀਲਕਰਤਾ ਨੂੰ ਬੈਂਕ ਡਰਾਫ਼ਟ ਰਾਹੀਂ ਅਦਾਇਗੀ ਕਰਕੇ ਸਬੂਤ ਵਜੋਂ ਰਸੀਦ ਪੇਸ਼ੀ ਦੀ ਅਗਲੀ ਮਿਤੀ ਤੇ ਕਮਿਸ਼ਨ ਨੂੰ ਪੇਸ਼ ਕੀਤੀ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 07-01-2019 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ, 20 ਨਵੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਸ਼ਾਹਿਦ ਅਖਤਰ, (98769-229371)
ਵਾਸੀ ਤੀਜੀ ਮੰਜ਼ਿਲ,
ਏ-323, ਡਿਫੈਂਸ ਕਲੌਨੀ,
ਨਵੀਂ ਦਿੱਲੀ। ..........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪ੍ਰਿੰਸੀਪਲ,
ਕੰਨਿਆ ਮਹਾਂ ਵਿਦਿਆਲਿਆ,
ਜਲੰਧਰ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਪ੍ਰਧਾਨ, ਕੰਨਿਆ ਮਹਾਂ ਵਿਦਿਆਲਿਆ,
ਮੈਨੇਜਿੰਗ ਕਮੇਟੀ, ਜਲੰਧਰ। ........ ਉੱਤਰਦਾਤਾ

**ਅਪੀਲ ਕੇਸ ਨੰ:2320 ਆਫ਼ 2018**

**ਹਾਜ਼ਰ:**

1) ਅਪੀਲਕਰਤਾ ਵਲੋ ਸ਼੍ਰੀ ਵੈਭਵ ਗੁਪਤਾ, ਐਡਵੋਕੇਟ (098769-29371) ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਸਮੀਰ ਸਚਦੇਵਾ ਐਡਵੋਕੇਟ (98145-06858)।

**ਹੁਕਮ:-**

ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਅਪੀਲਕਰਤਾ ਵੱਲੋਂ ਹਾਜ਼ਰ ਸ਼੍ਰੀ ਵੈਭਵ ਗੁਪਤਾ, ਐਡਵੋਕੇਟ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਨੂੰ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਨ੍ਹਾਂ ਵੱਲੋਂ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਗਈ ਹੈ।

2. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਸਮੀਰ ਸਚਦੇਵਾ ਐਡਵੋਕੇਟ ਨੇ ਅਪੀਲ ਕੇਸ ਨੰ:2313/2018 ਵਿੱਚ ਪੇਸ਼ ਕੀਤਾ ਗਿਆ ਆਪਣਾ ਜਵਾਬ ਹੀ ਮੌਜਦਾ ਕੇਸ ਵਿੱਚ ਵੀ ਅਡਾਪਟ ਕਰਕੇ ਵਿਚਾਰਨ ਵਾਸਤੇ ਬੇਨਤੀ ਕੀਤੀ ਗਈ ਪਰੰਤੂ ਉਸ ਨੂੰ ਆਗਿਆ ਨਹੀਂ ਦਿੱਤੀ ਗਈ ਅਤੇ ਵੱਖਰਾ ਜਵਾਬ ਪੇਸ਼ ਕਰਨ ਲਈ ਕਿਹਾ ਗਿਆ। ਹਾਜ਼ਰ ਉੱਤਰਦਾਤਾ ਵੱਲੋਂ ਅਥਾਰਟੀ ਵੀ ਪੇਸ਼ ਨਹੀਂ ਕੀਤੀ ਗਈ। ਹਾਜ਼ਰ ਉੱਤਰਦਾਤਾ ਨੇ ਵੱਖਰਾ ਜਵਾਬ ਪੇਸ਼ ਕਰਨ ਲਈ ਸਮੇਂ ਦੀ ਮੰਗ ਕੀਤੀ ਹੈ। ਪਿਛਲੀ ਪੇਸ਼ੀ ਮਿਤੀ 08-10-2018 ਤੇ ਵੀ ਹਾਜ਼ਰ ਉੱਤਰਦਾਤਾ ਵੱਲੋਂ ਸਮੇਂ ਦੀ ਮੰਗ ਕੀਤੀ ਗਈ ਸੀ ਅਤੇ ਕਮਿਸ਼ਨ ਨੂੰ ਇਸ ਕੇਸ ਦੇ ਤੱਥਾਂ ਦੀ ਸਹੀ ਤਸਵੀਰ ਪੇਸ਼ ਨਹੀਂ ਕੀਤੀ ਜਾ ਰਹੀ ਹੈ ਜਿਸ ਦਾ ਕਮਿਸ਼ਨ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਕਰਕੇ ਲੋਕ ਸੂਚਨਾ ਅਧਿਕਾਰੀ (ਪ੍ਰਿੰਸੀਪਲ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਕੇਸ ਵਿੱਚ ਵੱਖਰਾ ਜਵਾਬ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਪੇਸ਼ ਕੀਤਾ ਜਾਵੇ ਅਤੇ ਪੇਸ਼ੀ ਤੇ ਖੁਦ ਹਾਜ਼ਰ ਹੋ ਕੇ ਕੇਸ ਦੀ ਸਹੀ ਸਥਿਤੀ ਤੋਂ ਕਮਿਸ਼ਨ ਨੂੰ ਜਾਣੂ ਕਰਵਾਇਆ ਜਾਵੇ ਅਤੇ ਕਮਿਸ਼ਨ ਦਾ ਕੀਮਤੀ ਸਮਾਂ ਬੇਵਜ੍ਹਾ ਬਰਬਾਦ ਨਾ ਕੀਤਾ ਜਾਵੇ।

3. ਕਮਿਸ਼ਨ ਵੱਲੋ ਦਫ਼ਤਰੀ ਰਿਕਾਰਡ ਨੂੰ ਘੋਖਣ ਤੇ ਇਹ ਵੀ ਪਾਇਆ ਗਿਆ ਹੈ ਕਿ ਅਪੀਲਕਰਤਾ ਵੱਲੋਂ ਮਿਤੀ 09-09-2017 ਨੂੰ ਆਰ.ਟੀ.ਆਈ. ਅਰਜ਼ੀ ਦਾਇਰ ਕੀਤੀ ਗਈ ਸੀ ਪਰੰਤੂ ਅਜੇ ਤੱਕ ਉੱਤਰਦਾਤਾ ਵੱਲੋ ਉਸ ਨੂੰ ਨਾ ਤਾਂ ਸੂਚਨਾ ਹੀ ਮੁਹੱਈਆ ਕਰਵਾਈ ਗਈ ਹੈ ਅਤੇ ਨਾ ਹੀ ਕੋਈ ਤਸੱਲੀਬਖਸ਼ ਜਵਾਬ ਹੀ

ਚਲਦਾ---ਪੰਨਾ/2

**ਅਪੀਲ ਕੇਸ ਨੰ:2320 ਆਫ਼ 2018**

ਕਮਿਸ਼ਨ ਨੂੰ ਪੇਸ਼ ਕੀਤਾ ਗਿਆ ਹੈ ਜਦੋਂ ਕਿ ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਮੁਤਾਬਿਕ ਅਪੀਲਕਰਤਾ ਨੂੰ 30 ਦਿਨਾਂ ਤੇ ਅੰਦਰ-ਅੰਦਰ ਸੂਚਨਾ ਦੇਣੀ ਬਣਦੀ ਸੀ। ਇਸ ਤਰ੍ਹਾਂ ਕਰਕੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸੂਚਨਾ ਦਾ ਅਧਿਕਾਰ ਐਕਟ, 2005 ਦੀ ਘੋਰ ਉਲੰਘਣਾ ਕੀਤੀ ਗਈ ਹੈ, ਜਿਸ ਤੇ ਫਲਸਰੂਪ ਅਪੀਲਕਰਤਾ ਨੂੰ ਮਾਨਸਿਕ ਅਤੇ ਆਰਥਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਸੂਚਨਾ ਦਾ ਅਧਿਕਾਰ ਐਕਟ, 2005 ਦੀ ਧਾਰਾ 19(8)(ਅ) ਤਹਿਤ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਮੁਆਵਜ਼ੇ ਵਜੋਂ 1000/-ਰੁਪਏ (ਕੇਵਲ ਇੱਕ ਹਜ਼ਾਰ ਰੁਪਏ) ਦੀ ਰਾਸ਼ੀ ਦੀ ਅਪੀਲਕਰਤਾ ਨੂੰ ਬੈਂਕ ਡਰਾਫ਼ਟ ਰਾਹੀਂ ਅਦਾਇਗੀ ਕਰਕੇ ਸਬੂਤ ਵਜੋਂ ਰਸੀਦ ਪੇਸ਼ੀ ਦੀ ਅਗਲੀ ਮਿਤੀ ਤੇ ਕਮਿਸ਼ਨ ਨੂੰ ਪੇਸ਼ ਕੀਤੀ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 07-01-2019 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 20 ਨਵੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ੍ਰੀ ਸ਼ਾਹਿਦ ਅਖਤਰ, (98769-229371)
ਵਾਸੀ ਤੀਜੀ ਮੰਜ਼ਿਲ,
ਏ-323, ਡਿਫੈਂਸ ਕਲੌਨੀ,
ਨਵੀਂ ਦਿੱਲੀ। ..........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪ੍ਰਿੰਸੀਪਲ,
ਕੰਨਿਆ ਮਹਾਂ ਵਿਦਿਆਲਿਆ,
ਜਲੰਧਰ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਪ੍ਰਧਾਨ, ਕੰਨਿਆ ਮਹਾਂ ਵਿਦਿਆਲਿਆ,
ਮੈਨੇਜਿੰਗ ਕਮੇਟੀ, ਜਲੰਧਰ। ........ ਉੱਤਰਦਾਤਾ

**ਅਪੀਲ ਕੇਸ ਨੰ:2321 ਆਫ਼ 2018**

**ਹਾਜ਼ਰ:**

1) ਅਪੀਲਕਰਤਾ ਵਲੋ ਸ੍ਰੀ ਵੈਭਵ ਗੁਪਤਾ, ਐਡਵੋਕੇਟ (098769-29371) ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਸਮੀਰ ਸਚਦੇਵਾ ਐਡਵੋਕੇਟ (98145-06858)।

**ਹੁਕਮ:-**

ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਅਪੀਲਕਰਤਾ ਵੱਲੋਂ ਹਾਜ਼ਰ ਸ਼੍ਰੀ ਵੈਭਵ ਗੁਪਤਾ, ਐਡਵੋਕੇਟ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਨੂੰ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਨ੍ਹਾਂ ਵੱਲੋਂ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਗਈ ਹੈ।

2. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਸਮੀਰ ਸਚਦੇਵਾ ਐਡਵੋਕੇਟ ਨੇ ਅਪੀਲ ਕੇਸ ਨੰ:2313/2018 ਵਿੱਚ ਪੇਸ਼ ਕੀਤਾ ਗਿਆ ਆਪਣਾ ਜਵਾਬ ਹੀ ਮੌਜਦਾ ਕੇਸ ਵਿੱਚ ਵੀ ਅਡਾਪਟ ਕਰਕੇ ਵਿਚਾਰਨ ਵਾਸਤੇ ਬੇਨਤੀ ਕੀਤੀ ਗਈ ਪਰੰਤੂ ਉਸ ਨੂੰ ਆਗਿਆ ਨਹੀਂ ਦਿੱਤੀ ਗਈ ਅਤੇ ਵੱਖਰਾ ਜਵਾਬ ਪੇਸ਼ ਕਰਨ ਲਈ ਕਿਹਾ ਗਿਆ। ਹਾਜ਼ਰ ਉੱਤਰਦਾਤਾ ਵੱਲੋਂ ਅਥਾਰਟੀ ਵੀ ਪੇਸ਼ ਨਹੀਂ ਕੀਤੀ ਗਈ। ਹਾਜ਼ਰ ਉੱਤਰਦਾਤਾ ਨੇ ਵੱਖਰਾ ਜਵਾਬ ਪੇਸ਼ ਕਰਨ ਲਈ ਸਮੇਂ ਦੀ ਮੰਗ ਕੀਤੀ ਹੈ। ਪਿਛਲੀ ਪੇਸ਼ੀ ਮਿਤੀ 08-10-2018 ਤੇ ਵੀ ਹਾਜ਼ਰ ਉੱਤਰਦਾਤਾ ਵੱਲੋਂ ਸਮੇਂ ਦੀ ਮੰਗ ਕੀਤੀ ਗਈ ਸੀ ਅਤੇ ਕਮਿਸ਼ਨ ਨੂੰ ਇਸ ਕੇਸ ਦੇ ਤੱਥਾਂ ਦੀ ਸਹੀ ਤਸਵੀਰ ਪੇਸ਼ ਨਹੀਂ ਕੀਤੀ ਜਾ ਰਹੀ ਹੈ ਜਿਸ ਦਾ ਕਮਿਸ਼ਨ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਕਰਕੇ ਲੋਕ ਸੂਚਨਾ ਅਧਿਕਾਰੀ (ਪ੍ਰਿੰਸੀਪਲ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਕੇਸ ਵਿੱਚ ਵੱਖਰਾ ਜਵਾਬ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਪੇਸ਼ ਕੀਤਾ ਜਾਵੇ ਅਤੇ ਪੇਸ਼ੀ ਤੇ ਖੁਦ ਹਾਜ਼ਰ ਹੋ ਕੇ ਕੇਸ ਦੀ ਸਹੀ ਸਥਿਤੀ ਤੋਂ ਕਮਿਸ਼ਨ ਨੂੰ ਜਾਣੂ ਕਰਵਾਇਆ ਜਾਵੇ ਅਤੇ ਕਮਿਸ਼ਨ ਦਾ ਕੀਮਤੀ ਸਮਾਂ ਬੇਵਜ੍ਹਾ ਬਰਬਾਦ ਨਾ ਕੀਤਾ ਜਾਵੇ।

3. ਕਮਿਸ਼ਨ ਵੱਲੋ ਦਫ਼ਤਰੀ ਰਿਕਾਰਡ ਨੂੰ ਘੋਖਣ ਤੇ ਇਹ ਵੀ ਪਾਇਆ ਗਿਆ ਹੈ ਕਿ ਅਪੀਲਕਰਤਾ ਵੱਲੋਂ ਮਿਤੀ 07-10-2017 ਨੂੰ ਆਰ.ਟੀ.ਆਈ. ਅਰਜ਼ੀ ਦਾਇਰ ਕੀਤੀ ਗਈ ਸੀ ਪਰੰਤੂ ਅਜੇ ਤੱਕ ਉੱਤਰਦਾਤਾ ਵੱਲੋ ਉਸ ਨੂੰ ਨਾ ਤਾਂ ਸੂਚਨਾ ਹੀ ਮੁਹੱਈਆ ਕਰਵਾਈ ਗਈ ਹੈ ਅਤੇ ਨਾ ਹੀ ਕੋਈ ਤਸੱਲੀਬਖਸ਼ ਜਵਾਬ ਹੀ

ਚਲਦਾ---ਪੰਨਾ/2

**ਅਪੀਲ ਕੇਸ ਨੰ:2321 ਆਫ਼ 2018**

ਕਮਿਸ਼ਨ ਨੂੰ ਪੇਸ਼ ਕੀਤਾ ਗਿਆ ਹੈ ਜਦੋਂ ਕਿ ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਮੁਤਾਬਿਕ ਅਪੀਲਕਰਤਾ ਨੂੰ 30 ਦਿਨਾਂ ਤੇ ਅੰਦਰ-ਅੰਦਰ ਸੂਚਨਾ ਦੇਣੀ ਬਣਦੀ ਸੀ। ਇਸ ਤਰ੍ਹਾਂ ਕਰਕੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸੂਚਨਾ ਦਾ ਅਧਿਕਾਰ ਐਕਟ, 2005 ਦੀ ਘੋਰ ਉਲੰਘਣਾ ਕੀਤੀ ਗਈ ਹੈ, ਜਿਸ ਦੇ ਫਲਸਰੂਪ ਅਪੀਲਕਰਤਾ ਨੂੰ ਮਾਨਸਿਕ ਅਤੇ ਆਰਥਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਸੂਚਨਾ ਦਾ ਅਧਿਕਾਰ ਐਕਟ, 2005 ਦੀ ਧਾਰਾ 19(8)(ਅ) ਤਹਿਤ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਮੁਆਵਜ਼ੇ ਵਜੋਂ 1000/-ਰੁਪਏ (ਕੇਵਲ ਇੱਕ ਹਜ਼ਾਰ ਰੁਪਏ) ਦੀ ਰਾਸ਼ੀ ਦੀ ਅਪੀਲਕਰਤਾ ਨੂੰ ਬੈਂਕ ਡਰਾਫ਼ਟ ਰਾਹੀਂ ਅਦਾਇਗੀ ਕਰਕੇ ਸਬੂਤ ਵਜੋਂ ਰਸੀਦ ਪੇਸ਼ੀ ਦੀ ਅਗਲੀ ਮਿਤੀ ਤੇ ਕਮਿਸ਼ਨ ਨੂੰ ਪੇਸ਼ ਕੀਤੀ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 07-01-2019 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 20 ਨਵੰਬਰ, 2018.**